1920 ਤੋਂ

ਜਿਲਦ 104
ਨੰਬਰ 03

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੯ ਫੱਗਣ ਤੋਂ ੨ ਚੇਤਰ ੨੦੮੦ ਬਿ.
01 to 15 March 2024

# ਸਤਿਜੁਗ











10/-

## ਬਸੰਤ ਮੇਲਾ ਦਿੱਲੀ ਦੀਆਂ ਵੱਖ-ਵੱਖ ਝਾਕੀਆਂ

ਮਿਤੀ: 10 ਤੋਂ 11 ਫਰਵਰੀ 2024
ਰਮੇਸ਼ ਨਗਰ, ਨਵੀਂ ਦਿੱਲੀ














ਮਿਤੀ: 12 ਫਰਵਰੀ 2024
ਸਾਹਿਬਪੁਰਾ, ਨਵੀਂ ਦਿੱਲੀ

## ਬਸੰਤ ਮੇਲੇ ਦੀਆਂ ਵੱਖ-ਵੱਖ ਝਾਕੀਆਂ














# ਸਤਿਜੁਗ

੧੮ ਫੱਗਣ ਤੋਂ ੨ ਚੇਤਰ ੨੦੮੦ ਬਿ.

1 ਤੋਂ 15 ਮਾਰਚ 2024 ਈ.

ਜਿਲਦ 104, ਨੰਬਰ 3



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ

Editor: Gurlal Singh

Co. Editor - Dr. Khleel Khan, Gurbhagat Singh

ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ.......................................................4

* ਗੁਰਬਾਣੀ ਵਿਆਖਿਆ..........................................6

* ਅਸਲ ਭਗਤ ਸਿੰਘ ਨੂੰ ਤਲਾਸ਼ਦਿਆਂ
  ਜਸਵੰਤ ਸਿੰਘ ਜ਼ਫ਼ਰ..................................8

* ਸਹਿਨਸ਼ੀਲਤਾ
  ਮਨਪ੍ਰੀਤ ਕੌਰ.........................................16

* ਦੇਸ਼ ਵੰਡ ਸਮੇਂ ਉੱਜੜੇ ਪੰਜਾਬੀਆਂ ਦੀ ਵੱਡੀ ਧਿਰ ਬਣੇ
  ਗੁਰਭਜਨ ਗਿੱਲ.......................................17

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................19

* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................22

* **Basant (Spring)- The Splendour of Nature**
  **Dr. Devinder Pal Singh..................................25**

* ਖ਼ਬਰਨਾਮਾ.....................................................32

* **Matrimonial..............................................................42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਭਾਰਤ ਵਿਚ ਲੋਕ ਸਭਾ ਚੋਣਾ ਦਾ ਬਿਗੁਲ ਵੱਜ ਚੁੱਕਿਆ ਹੈ। ਸਾਰੀਆਂ ਪਾਰਟੀਆਂ ਦੇ ਕਰਿੰਦੇ ਆਪਣੇ ਨਾਲ ਵੋਟਰਾਂ ਨੂੰ ਜੋੜਣ ਲਈ ਸਰਗਰਮ ਹਨ। ਸੱਤਾ ਧਾਰੀ ਭਾਰਤੀ ਜਨਤਾ ਪਾਰਟੀ ਨੇ 'ਰਾਮ ਮੰਦਰ' ਨਿਰਮਾਣ ਨੂੰ ਸਿਆਸੀ ਲਾਹੇ ਵਜੋਂ ਦੇਸ਼ ਵਿੱਚ ਪੇਸ਼ ਕੀਤਾ ਹੈ। ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਦਾ ਜੋ ਵਾਤਾਵਰਣ ਸੱਤਾਧਾਰੀ ਪਾਰਟੀ ਨੇ ਦੇਸ ਵਿੱਚ ਪੈਦਾ ਕੀਤਾ ਉਹ ਬਿਲਕੁਲ ਵੀ ਧਾਰਮਿਕ ਰਸਮ ਵਾਲਾ ਨਹੀਂ ਸੀ। ਕਾਂਗਰਸ ਪਾਰਟੀ ਵਲੋਂ ਰਾਹੁਲ ਗਾਂਧੀ ਪਿਛਲੇ ਸਮੇਂ ਤੋਂ ਦੇਸ ਦੇ ਪੂਰਬੀ ਹਿੱਸੇ ਵਿੱਚ ਹੋ ਰਹੀ ਲਗਾਤਾਰ ਹਿੰਸਾ ਦੇ ਖਿਲਾਫ਼ ਭਾਰਤ ਜੋੜੋ ਨਿਯਾਏ ਯਾਤਰਾ ਕਰ ਰਿਹਾ ਹੈ। ਵੋਟਰਾਂ ਨੂੰ ਹਰ ਤਰ੍ਹਾਂ ਲੁਭਾਉਣ ਦੇ ਯਤਨ ਸਾਰੀਆਂ ਸਿਆਸੀ ਧਿਰਾਂ ਦੇ ਜਾਰੀ ਹਨ। ਲੋਕ ਸਭਾ ਚੋਣਾ ਵਿੱਚ ਵੋਟਾਂ ਜਾਂ ਵੋਟਰ ਸੋਚ ਬਹੁਤਾ ਕਰਕੇ ਸਿਆਸੀ ਪਾਰਟੀਆਂ 'ਤੇ ਟਿੱਕੀ ਹੁੰਦੀ ਹੈ ਜਦਕਿ ਉਮੀਦਵਾਰ ਦੀ ਕਾਰਜਕਰਨੀ ਨੂੰ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ। ਇਸ ਕਰਕੇ ਸਿਆਸੀ ਪਾਰਟੀਆਂ ਵਿੱਚ ਬਹੁਤ ਸਾਰੇ ਕੈਂਡੀਡੇਟ ਪੈਰਾਸ਼ੂਟ ਰਾਹੀ ਵੱਖ-ਵੱਖ ਹਲਕਿਆਂ ਵਿੱਚ ਉਤਾਰਦੀਆਂ

ਹਨ। ਜਿਨ੍ਹਾਂ ਦਾ ਉਸ ਖਿੱਤੇ ਦੇ ਲੋਕਾਂ ਨਾਲ ਦੂਰ ਨੇੜੇ ਦਾ ਵੀ ਕੋਈ ਨਾਤਾ ਨਹੀਂ ਹੁੰਦਾ। ਇਨ੍ਹਾਂ ਵਿੱਚ ਬਹੁਤੇ ਉਮੀਦਵਾਰ ਸੈਲੀਬ੍ਰਿਟੀ ਹੁੰਦੇ ਹਨ।

ਪੰਜਾਬ ਦੀ ਗੁਰਦਾਸਪੁਰ ਸੀਟ ਤੋਂ ਲੋਕਾਂ ਨੇ 2019 ਦੀਆਂ ਚੋਣਾ ਵਿੱਚ ਅਭਿਨੇਤਾ ਸਨੀ ਦਿਉਲ ਨੂੰ (ਬੀ.ਜੇ.ਪੀ) ਜਿਤਾਇਆ। ਜਿਸ ਨੇ ਜਿੱਤ ਤੋਂ ਬਾਅਦ ਪੰਜਾਬ ਵਿੱਚ ਪੈਰ ਤੱਕ ਨਹੀਂ ਧਰਿਆ। ਇਸ ਵਾਰੀ ਵੀ ਕਈ ਸੈਲੀ ਬ੍ਰਿਟੀ ਉਮੀਦਵਾਰ ਚੋਣ ਮੈਦਾਨ ਵਿੱਚ ਹੋਣਗੇ। ਲੋਕਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਵੋਟਾਂ ਪਾਉਣ ਤੋਂ ਪਹਿਲਾਂ ਇਕ ਇਕਰਾਰਨਾਮਾ ਕਰ ਲੈਣ ਕਿ ਇਹ ਪੰਜ ਸਾਲ 'ਚੋਂ ਕਿੰਨੇ ਦਿਨ ਹਲਕੇ ਵਿੱਚ ਰਹਿਣ। ਚੋਣਾ ਵਿੱਚ ਝੂਠੇ ਵਾਅਦੇ, ਕਾਲੇ ਧਨ ਅਤੇ ਨਸ਼ੇ ਬਾਰੇ ਸਾਰੇ ਲੋਕ ਜਾਣਦੇ ਹਨ ਪਰ ਇਨ੍ਹਾਂ ਦਾ ਪੱਕਾ ਹੱਲ ਅੱਜ ਤੱਕ ਵੀ ਕੋਈ ਨਹੀਂ ਹੋਇਆ।

ਪੰਦਰਾ ਫਰਵਰੀ ਨੂੰ ਸੁਪਰੀਮ ਕੋਰਟ ਦੇ ਬੈਂਚ ਨੇ ਇਕ ਮੀਲ ਪੱਥਰ ਫੈਸਲਾ ਸੁਣਾਉਂਦੇ ਹੋਇਆਂ ਛੇ ਸਾਲ ਪਹਿਲਾ ਲਾਗੂ ਕੀਤੀ ਸਕੀਮ ਨੂੰ ਬੰਦ ਕੀਤਾ ਹੈ। ਕਾਲੇ ਧਨ ਨੂੰ ਵਾਪਸ ਲਿਆਉਣ ਦੇ ਨਾਹਰੇ ਨਾਲ 2014 ਵਿੱਚ ਸੱਤਾ ਤੇ ਕਾਬਜ ਹੋਈ ਬੀ.ਜੇ.ਪੀ. ਪਾਰਟੀ ਨੇ ਇਸੇ ਕੜੀ ਵਿੱਚ ਜਨਵਰੀ 2018 ਨੂੰ ਅਰੁਣ ਜੇਤਲੀ (ਵਿੱਤ ਮੰਤਰੀ) ਦੀ ਕਮਾਂਡ ਹੇਠ ਸਿਆਸੀ ਪਾਰਟੀਆਂ ਲਈ ਲੋਕਾਂ ਕੋਲੋਂ ਫੰਡ ਇਕੱਠਾ ਕਰਨ ਸਬੰਧੀ ਇਕ ਚੋਣ ਬਾਂਡ ਯੋਜਨਾ ਦਾ ਕਾਨੂੰਨ ਬਣਾਇਆ ਸੀ। ਇਸ ਯੋਜਨਾ ਅਨੁਸਾਰ ਕੋਈ ਵੀ ਨਿੱਜੀ ਵਿਅਕਤੀ ਕੰਪਨੀ ਜਾਂ ਸੰਸਥਾ ਸਟੇਟ ਬੈਂਕ ਆਫ ਇੰਡੀਆ ਦੀਆਂ ਨਿਰਧਾਰਿਤ ਉੱਨਤੀ ਬ੍ਰਾਂਚਾਂ ਵਿਚੋਂ ਇਕ ਹਾਜ਼ਰ ਤੋਂ ਲੈ ਕੇ ਕਰੋੜ ਤੱਕ ਦੇ ਬਾਂਡ ਖਰੀਦ ਸਕਦੀਆਂ ਸੀ।

ਇਹ ਬਾਂਡ ਕਿਸੇ ਵੀ ਚਹੇਤੀ ਮਾਨਤਾ ਪ੍ਰਾਪਤ ਪਾਰਟੀ ਨੂੰ ਦਾਨ ਵਜੋਂ ਦੇ ਸਕਦੇ ਸੀ। ਇਸ ਵਿੱਚ ਖਰੀਦਦਾਰ ਅਤੇ ਪ੍ਰਾਪਤ ਕਰਤਾ ਧਿਰਾਂ ਨੂੰ ਗੁਪਤ ਰੱਖਿਆ ਜਾਂਦਾ ਸੀ। ਅਰੁਣ ਜੇਤਲੀ ਦਾ ਕਹਿਣਾ ਸੀ ਕਿ ਇਸ ਨਾਲ ਪਾਰਟੀਆਂ ਦੇ ਫੰਡਾ ਵਿੱਚ ਪਾਰਦਰਸ਼ਤਾ ਆਏਗੀ। ਇਹ ਬਾਂਡ ਖਰੀਦਦਾਰੀ ਪੂਰੀ ਤਰ੍ਹਾਂ ਟੈਕਸ ਫ੍ਰੀ ਸਨ ਪਰ ਇਸ ਸਾਰੀ ਯੋਜਨਾ ਦਾ ਲਾਭ ਸਿਰਫ਼ ਸਤਾਧਾਰੀ ਪਾਰਟੀ ਨੂੰ ਹੋਇਆ। ਕਿਉਂਕਿ ਇਨ੍ਹਾਂ ਤੋਂ ਦਿੱਤੇ ਜਾਂਦੇ ਧਨ ਸੰਬੰਧੀ ਵੇਰਵਿਆਂ ਨੂੰ ਲੁਕੋਇਆ ਨਹੀਂ ਜਾ ਸਕਦਾ ਸੀ ਫਿਲਹਾਲ ਸਰਸਰੀ ਨਜ਼ਰ ਮਾਰੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਲੈਕਟ੍ਰੋਲ ਬਾਂਡਜ਼ ਯੋਜਨਾ ਅਸੰਵਿਧਾਨਕ ਸੀ ਕਿਉਂਕਿ ਇਹ ਨਾਗਰਿਕਾਂ ਦੇ ਸੂਚਨਾ ਅਧਿਕਾਰ ਦੀ ਉਲੰਘਣਾ ਕਰਦੀ ਹੈ।

2018 ਤੋਂ ਬਾਅਦ ਸਿਆਸੀ ਪਾਰਟੀਆਂ ਨੂੰ ਸੋਲਾਂ ਹਜ਼ਾਰ ਕਰੋੜ ਗੁਪਤ ਦਾਨ ਮਿਲਿਆ ਹੈ। ਐਸੋਸਿਏਸ਼ਨ ਆਫ਼ ਡੈਮੋਕ੍ਰੇਟਿਕ ਰਿਫਾਰਮ (ਏ.ਡੀ.ਆਰ) ਅਨੁਸਾਰ ਸਤਵੰਜਾ ਪ੍ਰਤੀਸ਼ਤ ਭਾਜਪਾ ਨੂੰ ਫੰਡਿੰਗ ਹੋਈ ਹੈ। ਜਦੋਂ ਕੋਈ ਵੱਡੀ ਕੰਪਨੀ ਇਕ ਸਿਆਸੀ ਪਾਰਟੀ ਨੂੰ ਚੰਦਾ ਦਿੰਦੀ ਹੈ ਅਤੇ ਉਹ ਪਾਰਟੀ ਸੱਤਾ ਵਿੱਚ ਆਉਣ 'ਤੇ ਅਜਿਹੇ ਕਾਨੂੰਨ ਪਾਸ ਕਰਦੀ ਹੈ। ਜਿਸ ਵਿੱਚ ਉਸ ਕੰਪਨੀ ਦਾ ਆਰਥਿਕ ਲਾਭ ਹੋਵੇ। ਇਹ ਖੇਡ ਭਾਰਤੀ ਸਿਆਸਤ ਵਿੱਚ ਕਾਫ਼ੀ ਦੇਰ ਤੋਂ ਚੱਲ ਰਹੀ ਹੈ। ਬਹੁਤ ਸਾਰੇ ਵਪਾਰਕ ਘਰਾਣਿਆਂ ਨੂੰ ਸਰਕਾਰ ਦਾ ਫੁੱਲ ਸਮਰਥਨ ਹਾਸਲ ਹੈ। ਪੰਜਾਬ ਦੇ ਕਿਸਾਨ ਸਤਾਧਾਰੀ ਪਾਰਟੀ ਨੂੰ ਪਿਛਲੇ ਕਿਸਾਨੀ ਅੰਦੋਲਨ ਵਿੱਚ ਇਹ ਹੀ ਕਹਿੰਦੇ ਸੀ ਕਿ ਉਸ ਨੇ ਅਡਾਨੀ ਅੰਬਾਨੀ ਦੇ ਫਾਇਦੇ ਲਈ ਨਿਮਨ ਕਿਸਾਨੀ ਬਰਬਾਦ ਕਰਨ ਲਈ ਕਾਨੂੰਨ ਲਿਆਂਦੇ ਹਨ।

ਹੁਣ ਫਿਰ ਕਿਸਾਨ ਫਸਲਾਂ ਦੀ ਐਮ.ਐਸ.ਪੀ. ਲਈ ਲਈ ਸੰਭੂ ਬਾਰਡਰ 'ਤੇ ਜਦੋਂ ਜਹਿਦ ਕਰ ਰਹੇ ਹਨ ਜੇ ਸੱਤਾਧਾਰੀ ਪਾਰਟੀ ਨੇ ਕੋਈ ਹੱਲ ਨਾ ਕੱਢਿਆ ਤਾਂ ਇਹ ਧਰਨਾ ਪਿਛਲੇ ਧਰਨੇ ਵਾਂਗ ਲੰਬਾ ਚੱਲੇਗਾ। ਇਸ ਅੰਦੋਲਨ ਵਿੱਚ ਹਜੇ ਪੰਜਾਬ ਦੀਆਂ ਕੁਝ ਜਥੇਬੰਦੀਆਂ ਹੀ ਸਮਰਥਨ ਕਰ ਰਹੀਆਂ ਹਨ। ਅਗਲੇ ਸਮੇਂ ਇਹ ਮਸਲਾ ਜੇ ਗੰਭੀਰ ਹੋਇਆ ਤਾਂ ਭਾਜਪਾ ਦਾ ਪੰਜਾਬ ਵਿੱਚ ਅਸਥਿਤਵ ਖਤਰੇ ਵਿੱਚ ਹੋਵੇਗਾ।

ਮਸਲਹਤ ਆਮੇਜ਼* ਹੋਤੇ ਹੈਂ ਸਿਆਸਤ ਕੇ ਕਦਮ
ਤੂੰ ਨਾ ਸਮਝੇਗਾ ਸਿਆਸਤ ਤੂੰ ਅਭੀ ਅੰਞਾਨ ਹੈਂ।

* **ਧੋਖੇ ਪਰ ਅਧਾਰਿਤ**

..........................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਮਾਰੇ ਜਾਪਨ ਬਿਜੁਲੀ ਸਿਰ ਭਾਰ ਮੁਨਾਰੇ॥9॥**
ਉਹ ਸੂਰਮੇ ਮੈਦਾਨੇ-ਜੰਗ ਵਿੱਚ ਇਸ ਤਰ੍ਹਾਂ ਵਿਛੇ ਪਏ ਸਨ,
ਜਿਵੇਂ ਅਸਮਾਨੀ ਬਿਜਲੀ ਨਾਲ ਉੱਚੇ ਮੁਨਾਰੇ ਵਿਛ ਜਾਂਦੇ ਹਨ।
It appeared as if the minarets have been brought down by lightning.

**ਪਉੜੀ॥**
**ਚੋਟ ਦਮਾਮੇ ਪਾਈ ਦਲਾਂ ਮੁਕਾਬਲਾ॥**
ਨਗਾਰੇ 'ਤੇ ਸੱਟ ਵੱਜਦਿਆਂ ਹੀ ਫੌਜਾਂ ਭਿੜ ਉੱਠੀਆਂ।
Upon a beating on the war-drum, the armies began fighting.

**ਦੇਵੀ ਦਸਤ ਨਚਾਈ ਸੀਹਣ ਸਾਰ ਦੀ॥**
ਦੇਵੀ ਨੇ ਸ਼ੇਰਨੀ ਜਿਉਂ ਡਰਾਉਣ ਵਾਲੀ ਲੋਹੇ ਦੀ ਤੇਜ ਤਲਵਾਰ ਹੱਥ ਵਿੱਚ ਲਿਸ਼ਕਾਈ।
The Goddess wielded the iron sword like a dancing lioness.

**ਪੇਟ ਮਲੰਦੇ ਲਾਈ ਮਹਿਖੇ ਦੈਤ ਨੂ॥**
ਆਕੜਖੋਰ ਮਹਿਖੇ ਦੈਂਤ ਦੇ ਢਿੱਡ ਵਿੱਚ ਤਲਵਾਰ ਮਾਰੀ।
She struck the sword in the stomach of demon Mahikhasur.

**ਗੁਰਦੇ ਆਂਦਾਂ ਖਾਈ ਨਾਲੇ ਰੁਕੜੇ॥**
ਉਸਦੇ ਗੁਰਦੇ, ਆਂਦਰਾਂ ਅਤੇ ਪੱਸਲੀਆਂ ਨੂੰ ਤਲਵਾਰ ਖਾ ਗਈ।
The sword pierced through his kidneys, intestines and ribs.

**ਜੇਹੀ ਦਿਲ ਵਿਚਿ ਆਈ ਕਹੀ ਸੁਣਾਇ ਕੈ॥**
ਇਸ ਤਲਵਾਰ ਦੀ ਉਪਮਾ ਜਿਹੋ-ਜਿਹੀ ਮੇਰੇ ਦਿਲ ਆਈ ਹੈ, ਉਹ ਮੈਂ ਕਹਿ ਦਿੱਤੀ ਹੈ।
I have narrated the glory of Durga's sword as it appeared in my heart.

**ਚੋਟੀ ਜਾਣੁ ਦਿਖਾਈ ਤਾਰੇ ਧੂਮਕੇਤੁ॥10॥**
ਇਸ ਤਲਵਾਰ ਨੇ ਮਹਿਖੇ ਦੈਂਤ ਨੂੰ ਧੂਮਕੇਤ ਤਾਰੇ ਦੀ ਪੂਛ ਵਿਖਾ ਦਿੱਤੀ।
Mehkasur witnessed the tail of a shooting comet through this sword.

**ਪਉੜੀ॥**
**ਚੋਟਾਂ ਪਾਨ ਨਗਾਰੀ ਅਣੀਆਂ ਜੁੱਟੀਆਂ॥**
ਨਗਾਰਿਆਂ 'ਤੇ ਚੋਟਾਂ ਵੱਜਦਿਆਂ ਫਿਰ ਫੌਜਾਂ ਜੁੱਟ ਪਈਆਂ।
Upon a beating on the war-drum, the battle formations engaged in war.

**ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ॥**
ਦੇਵਤਿਆਂ ਅਤੇ ਦੈਂਤਾਂ ਨੇ ਤਲਵਾਰਾਂ ਖਿੱਚ ਲਈਆਂ।
The deities and demons pulled out their swords.

**ਵਾਹਨ ਵਾਰੋ ਵਾਰੀ ਸੂਰੇ ਸੰਘਰੇ॥**
ਮੈਦਾਨੇ-ਜੰਗ ਦੇ ਯੋਧੇ ਵਾਰੋ ਵਾਰੀ ਤਲਵਾਰਾਂ ਚਲਾਉਂਦੇ ਸਨ।
Turn by turn, the warriors were wielding their swords.

**ਵਗੈ ਰਤੁ ਝਲਾਰੀ ਜਿਉਂ ਗੇਰੂ ਬਾਬੁਤ੍ਰਾ॥**
ਲਹੂ ਦੀਆਂ ਝਲਾਰਾਂ ਇਵੇਂ ਵਗਦੀਆਂ ਸਨ, ਜਿਵੇਂ ਗੇਰੂ ਪਹਾੜ ਦਾ ਝਰਨਾ ਵਗਦਾ ਹੈ।
Streams of blood were flowing like the mountain waterfalls.

**ਦੇਖਨ ਬੈਠ ਅਟਾਰੀ ਨਾਰੀ ਰਾਕਸਾਂ॥**
ਰਾਖਸ਼ਾਂ ਦੀਆਂ ਔਰਤਾਂ ਉੱਚੇ ਟਿੱਲਿਆਂ 'ਤੇ ਬੈਠ ਕੇ ਜੰਗ ਵੇਖਦੀਆਂ ਸਨ।
The wives of demons were witnessing the war from attics.

**ਪਾਈ ਧੂਮਿ ਸਵਾਰੀ ਦੁਰਗਾ ਦਾਨਵੀ॥11॥**
ਦੁਰਗਾ ਅਤੇ ਦੈਂਤਾਂ ਦੀਆਂ ਸਵਾਰੀਆਂ ਨੇ ਧੂੰਮ ਪਾਈ ਹੋਈ ਸੀ।
The chariots of Durga and demons dusted the whole atmosphere.

**ਪਉੜੀ॥**
**ਲੱਖ ਨਗਾਰੇ ਵੱਜਨ ਆਮ੍ਹੋ ਸਾਮ੍ਹਣੇ॥**
ਲੱਖਾਂ ਹੀ ਨਗਾਰੇ ਆਹਮੋ-ਸਾਹਮਣੇ ਵੱਜ ਰਹੇ ਸਨ।
Millions of trumpets facing each other sounded up.

**ਰਾਕਸ ਰਣੋ ਨ ਭੱਜਣ ਰੋਹੇ ਰੋਹਲੇ॥**
ਗੁੱਸੇ ਨਾਲ ਭਰੇ ਹੋਏ ਦੈਂਤ, ਰਣ 'ਚੋਂ ਭੱਜ ਨਹੀਂ ਸਨ ਰਹੇ।
The infuriated demons were not ready to leave the battlefield.

**ਸੀਹਾਂ ਵਾਂਗੂੰ ਗੱਜਣ ਸੱਭੇ ਸੂਰਮੇ॥**
ਸਾਰੇ ਯੋਧੇ ਸ਼ੇਰਾਂ ਵਾਂਗੂੰ ਗੱਜ ਰਹੇ ਸਨ।
All the warriors roared like lions.

**ਤਣਿ ਤਣਿ ਕੈਬਰ ਛੱਡਣ ਦੁਰਗਾ ਸਾਮ੍ਹਣੇ॥12॥**
ਦੁਰਗਾ ਦੇ ਸਾਹਮਣੇ ਖਿੱਚ-ਖਿੱਚ ਕੇ ਤੀਰ ਛੱਡ ਰਹੇ ਸਨ।
Stretching their bows, they fired arrows at Durga.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਅਸਲ ਭਗਤ ਸਿੰਘ ਨੂੰ ਤਲਾਸ਼ਦਿਆਂ



**ਜਸਵੰਤ ਸਿੰਘ ਜ਼ਫ਼ਰ**

ਸ਼ਹੀਦ ਭਗਤ ਸਿੰਘ ਨੇ ਆਜ਼ਾਦੀ ਦੀ ਲੜਾਈ ਦੌਰਾਨ ਇਨਕਲਾਬੀ ਲਹਿਰ ਨੂੰ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਦੇ ਨਾਲ ਨਾਲ ਰਾਜ ਪ੍ਰਬੰਧ ਨੂੰ ਕਲਿਆਣਕਾਰੀ ਅਤੇ ਸਮਾਜਵਾਦੀ ਲੀਹਾਂ 'ਤੇ ਉਸਾਰਨ ਦੇ ਉਦੇਸ਼ ਨਾਲ ਵੀ ਸਬੰਧਤ ਕਰ ਦਿੱਤਾ। ਸੰਸਾਰ ਵਿੱਚ ਇਸ ਸਮੇਂ ਸਾਮਰਾਜਵਾਦ, ਰਾਜਨੀਤਕ, ਉਦਯੋਗਿਕ, ਵਪਾਰਿਕ, ਸਾਹਿਤਕ, ਸਭਿਆਚਾਰਕ ਅਤੇ ਮਾਨਸਿਕ ਗਲਬੇ ਦੇ ਰੂਪ ਵਿਚ ਬਹੁਤ ਵਿਆਪਕ, ਜਟਿਲ ਅਤੇ ਖ਼ਤਰਨਾਕ ਰੂਪ ਧਾਰ ਰਿਹਾ ਹੈ। ਅਜਿਹੇ ਸਮੇਂ ਸ਼ਹੀਦ ਭਗਤ ਸਿੰਘ ਵਰਗੇ ਕ੍ਰਾਂਤੀਕਾਰੀ ਦੇ ਵਿਚਾਰਾਂ ਨੂੰ ਨਵੀਆਂ ਹਾਲਤਾਂ ਵਿੱਚ ਸਮਝਣਾ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ। ਪਰ ਉਸ ਦੇ ਕ੍ਰਾਂਤੀਕਾਰੀ ਵਿਚਾਰਾਂ ਦੇ ਸਨਮੁਖ ਉਸ ਦਾ ਸਥਾਪਿਤ ਬਿੰਬ ਵੱਡੇ ਅੜਿੱਕੇ ਦੇ ਤੌਰ ਤੇ ਪੇਸ਼ ਹੁੰਦਾ ਹੈ।

ਪਿਛਲੇ ਸਾਲੀਂ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸ਼ਹੀਦੀ ਦਿਨ ਤੇ ਸਰਕਾਰੀ ਛੁੱਟੀ ਬੰਦ ਹੋਣ ਤੇ ਕਈ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਵਲੋਂ ਹੜਤਾਲ ਕੀਤੀ ਗਈ। ਸੜਕਾਂ ਤੇ ਜਲੂਸ ਕੱਢੇ ਗਏ, ਮੁਜਾਹਰੇ ਕੀਤੇ ਗਏ। ਆਪਣੇ ਸ਼ਹੀਦੀ ਵੇਲੇ ਤੱਕ ਕਿਤਾਬ ਪੜ੍ਹਦੇ ਰਹਿਣ ਵਾਲੇ ਭਗਤ ਸਿੰਘ ਦੇ ਸ਼ਹੀਦੀ ਦਿਨ ਦੀ ਛੁੱਟੀ ਨੂੰ ਲੈ ਕੇ ਹੋ ਰਹੇ ਬਵਾਲ ਦੀਆਂ ਖ਼ਬਰਾਂ ਪੜ੍ਹ ਕੇ ਇਕ ਕਾਰਟੂਨ ਸੁੱਝਦਾ ਸੀ-

ਸ਼ਹੀਦ-ਏ-ਆਜ਼ਮ ਦੇ ਸ਼ਹੀਦੀ ਦਿਨ ਦੀ
ਛੁੱਟੀ ਨਾ ਹੋਵੇ
ਇਹ ਗੱਲ ਨਹੀਂ ਜਰਾਂਗੇ
ਰੋਸ ਹੜਤਾਲ ਕਰਾਂਗੇ
ਕਲਾਸਾਂ ਦਾ ਬਾਈਕਾਟ ਕਰਕੇ
ਨਾ ਪੜ੍ਹਨ ਪੜ੍ਹਾਉਣ ਦਿਆਂਗੇ
ਤੇ ਨਾ ਪੜ੍ਹਾਂਗੇ
ਸ਼ਹੀਦ ਦੇ ਸ਼ਹੀਦੀ ਦਿਨ ਤੇ
ਜੋ ਆਖਰੀ ਸਮੇਂ ਤੱਕ
ਪੜ੍ਹਦਾ ਰਿਹਾ ਸੀ।

2006-07 ਸ਼ਹੀਦ ਭਗਤ ਸਿੰਘ ਦੇ ਜਨਮ ਦਾ ਸ਼ਤਾਬਦੀ ਵਰ੍ਹਾ ਸੀ। ਇਨ੍ਹੀਂ ਦਿਨੀਂ ਲੁਧਿਆਣਾ ਦੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ ਚੱਲ ਰਹੇ ਪ੍ਰੋਗਰਾਮ ਦੌਰਾਨ ਜਦ ਪੁੱਛਿਆ ਗਿਆ ਕਿ ਕਿਸ ਨੂੰ ਭਗਤ ਸਿੰਘ ਬਹੁਤ ਪ੍ਰੇਰਿਤ ਕਰਦਾ ਜਾਂ ਚੰਗਾ ਲੱਗਦਾ ਹੈ ਤਾਂ ਭਰੇ ਹਾਲ ਵਿਚ ਸਭ ਦੀਆਂ ਬਾਹਵਾਂ ਖੜ੍ਹੀਆਂ ਸਨ। ਜਦ ਪੁੱਛਿਆ ਗਿਆ ਕਿ ਕੌਣ ਭਗਤ ਸਿੰਘ ਬਣਨਾ ਚਾਹੁੰਦਾ ਹੈ ਤਾਂ ਸਿਰਫ਼ ਦੋ ਜਾਂ ਤਿੰਨ ਹੱਥ ਖੜ੍ਹੇ ਸਨ।

ਭਗਤ ਸਿੰਘ ਦਾ ਨਾਇਕਤਵ ਤਾਂ ਸਭ ਨੂੰ ਚੰਗਾ ਲੱਗਦਾ ਹੈ ਪਰ ਕੋਈ ਵੀ ਇਹ ਨਹੀਂ ਚਾਹੁੰਦਾ ਕਿ ਭਗਤ ਸਿੰਘ ਵਰਗਾ ਬਣਿਆ ਜਾਏ ਜਾਂ ਆਪਣੇ ਕਿਸੇ ਧੀ- ਪੁੱਤ ਨੂੰ ਉਸ ਵਰਗਾ ਬਣਾਇਆ ਜਾਏ। ਉਸ ਦੀ ਲੋਕ-ਪ੍ਰਿਅਤਾ ਦਾ ਕੋਈ ਪਾਰਾਵਾਰ ਨਹੀਂ। ਸਿੱਖ ਉਸ ਨੂੰ ਸਿੱਖ ਹੋਣ ਕਰਕੇ ਵਧੇਰੇ ਪਸੰਦ ਕਰਦੇ ਹੋ ਸਕਦੇ ਹਨ। ਜੱਟਾਂ ਨੂੰ ਉਸ ਦਾ ਜੱਟ ਪਰਿਵਾਰ ਨਾਲ ਸਬੰਧਤ ਹੋਣਾ ਗੌਰਵ ਪਰਦਾਨ ਕਰਦਾ ਹੋਏਗਾ। ਹਿੰਦੂਆਂ ਖਾਸਕਰ ਆਰ. ਐਸ. ਐਸ. ਵਾਲਿਆਂ ਨੂੰ ਉਸਦਾ ਆਰੀਆ ਸਮਾਜ ਵਾਲਾ ਪਿਛੋਕੜ ਆਸਰਾ ਦਿੰਦਾ ਹੋਵੇਗਾ। ਨਕਸਲੀਆਂ ਅਤੇ ਖਾਲਸਤਾਨੀਆਂ ਨੂੰ ਉਸ ਦੇ ਬੰਬਾਂ ਅਤੇ ਗੋਲੀਆਂ ਦੀ ਗੂੰਜ ਪ੍ਰੇਰਤ ਕਰਦੀ ਰਹੀ ਹੋਵੇਗੀ। ਲਾਹੌਰ ਦੇ ਇਲਾਕੇ ਨਾਲ ਉਸ ਦੇ ਜੀਵਨ ਅਤੇ ਸ਼ਹੀਦੀ ਦਾ ਸਬੰਧ ਹੋਣ ਕਰਕੇ ਲਹਿੰਦੇ ਪੰਜਾਬ ਵਿੱਚ ਵੀ ਚੋਖੀ ਮਾਨਤਾ ਹੈ। ਪਰ ਭਗਤ ਸਿੰਘ ਬਾਰੇ ਸਾਂਝਾ ਤੱਥ ਜੋ ਸਭ ਦੇ ਮਨਾਂ ਵਿਚ ਉਸ ਦਾ ਉੱਚਾ ਸਥਾਨ ਸਥਾਪਤ ਕਰਦਾ ਹੈ ਉਹ ਹੈ ਉਸ ਦਾ ਚੜ੍ਹਦੀ ਜਵਾਨੀ ਵਿਚ ਹੱਸ-ਹੱਸ ਕੇ ਫਾਂਸੀ ਦਾ ਰੱਸਾ ਚੁੰਮਣਾਂ। ਇਸ ਫਾਂਸੀ ਨੂੰ ਕੋਈ ਭਾਰਤ ਮਾਤਾ ਦੀ ਆਬਰੂ ਨਾਲ ਸਬੰਧਤ

ਕਰਦਾ ਹੈ, ਕੋਈ ਆਜ਼ਾਦੀ ਨਾਲ, ਕੋਈ ਗਰੀਬਾਂ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਨਾਲ, ਕੋਈ ਅਣਖ ਨਾਲ ਤੇ ਕੋਈ ਸਿਰਫ਼ ਮੁੱਛ ਦੇ ਸਵਾਲ ਨਾਲ। ਪਰ ਸਾਰਿਆਂ ਨੇ ਭਗਤ ਸਿੰਘ ਨੂੰ ਸਿਰਫ਼ ਫਾਂਸੀ, ਮੌਤ ਜਾਂ ਸ਼ਹੀਦੀ ਨਾਲ ਜੋੜ ਕੇ ਹੀ ਆਪਣੇ ਮਨਾਂ ਵਿਚ ਪ੍ਰਤੀਬਿੰਬਤ ਕੀਤਾ ਹੋਇਆ ਹੈ। ਕਵੀਆਂ ਨੇ ਉਸ ਨੂੰ ਮੌਤ ਵਿਆਹੁਣ ਵਾਲਾ ਲਾੜਾ ਕਿਹਾ–

ਆਓ ਨੀ ਭੈਣੋ ਰਲ–ਮਿਲ ਗਾਵੀਏ ਘੋੜੀਆਂ
ਜੰਞ ਤਾਂ ਹੋਈ ਏ ਤਈਆਰ ਵੇ ਹਾਂ
ਮੌਤ ਕੁੜੀ ਨੂੰ ਪਰਣਾਵਣ ਚੱਲਿਆ
ਭਗਤ ਸਿੰਘ ਸਰਦਾਰ ਵੇ ਹਾਂ

ਕਿਉਂਕਿ ਸਭ ਲਈ ਭਗਤ ਸਿੰਘ ਹੋਣ ਦਾ ਅਰਥ ਭਰ ਜਵਾਨੀ ਵਿੱਚ ਮੌਤ ਨੂੰ ਜੱਫੀਆਂ ਪਾਉਂਣਾ ਹੈ ਅਤੇ ਮੌਤ ਤੋਂ ਅਸੀਂ ਲਗਪਗ ਸਾਰੇ ਹੀ ਡਰਦੇ ਹਾਂ, ਇਸ ਲਈ ਉਸ ਵਰਗਾ ਹੋਣਾ ਸਾਡੀ ਇੱਛਾ ਨਹੀਂ ਹੋ ਸਕਦੀ। ਪਰ ਉਸ ਦੇ ਜੀਵਨ ਦੀਆਂ ਸਰਗਰਮੀਆਂ ਅਤੇ ਲਿਖਤਾਂ ਦਾ ਅਧਿਐਨ ਕਰਨ ਨਾਲ ਭਗਤ ਸਿੰਘ ਦਾ ਹੋਰ ਹੀ ਰੂਪ ਸਾਹਮਣੇ ਆਉਂਦਾ ਹੈ। ਭਗਤ ਸਿੰਘ ਦਾ ਅਜਿਹਾ ਰੂਪ ਕਿ ਜਿਸ ਵਰਗਾ ਹੋਣ ਤੋਂ ਡਰਨ ਨਹੀਂ ਸਗੋਂ ਉਸ ਜਹੇ ਬਣਨ ਦੀ ਲੋੜ ਹੈ। ਭਗਤ ਸਿੰਘ ਮੌਤ ਦਾ ਨਹੀਂ ਸਗੋਂ ਜ਼ਿੰਦਗੀ ਦਾ ਲਾੜਾ ਸੀ। ਜ਼ਿੰਦਗੀ ਦੇ ਗੀਤ ਗਾਉਣ ਵਾਲਾ ਜ਼ਿੰਦਗੀ ਦਾ ਆਸ਼ਕ। ਉਹ ਸ਼ਾਂਤੀ, ਆਜ਼ਾਦੀ, ਖੇੜੇ ਅਤੇ ਖੁਸ਼ਹਾਲੀ ਭਰੀ ਮਾਨਵੀ ਜ਼ਿੰਦਗੀ ਦੇ ਸੁਪਨੇ ਦੀ ਖੁਮਾਰੀ ਨਾਲ ਭਰਿਆ ਪਿਆ ਸੀ। ਉਹ ਘਰੋਂ ਅੰਤਰ ਰਾਸ਼ਟਰੀ, ਕੌਮੀ ਅਤੇ ਸਥਾਨਕ ਪੱਧਰ ਦੀਆਂ ਤੱਤਕਾਲੀਨ ਰਾਜਨੀਤਕ, ਸਮਾਜਕ, ਆਰਥਿਕ ਅਤੇ ਪ੍ਰਸ਼ਾਸਨਿਕ ਸਥਿਤੀਆਂ ਨੂੰ ਸਮਝਣ ਸਮਝਾਉਣ ਲਈ ਅਤੇ ਲੋਕਾਂ ਨੂੰ ਆਜ਼ਾਦੀ, ਬਰਾਬਰੀ ਅਤੇ ਸਮਾਜਿਕ ਨਿਆਂ ਲਈ ਸੰਘਰਸ਼ ਕਰਨ ਲਈ ਜਾਗਰਿਤ ਕਰਨ ਲਈ ਤੁਰਿਆ ਸੀ, ਨਾ ਕਿ ਮਰਨ ਲਈ। ਨਾ ਸਾਂਡਰਸ ਨੂੰ ਮਾਰਨ ਦਾ ਅਤੇ ਨਾ ਹੀ ਅਸੈਂਬਲੀ ਵਿਚ ਬੰਬ ਸੁੱਟਣ ਦਾ ਮਨੋਰਥ ਸ਼ਹੀਦੀ ਪਦਵੀ ਪ੍ਰਾਪਤ ਕਰਨਾ ਸੀ। ਹਾਂ, ਪ੍ਰਾਪਤ ਹੋ ਰਹੀ ਸ਼ਹੀਦੀ ਦਾ ਜ਼ਰੂਰੀ ਮਨੋਰਥ ਸੀ: ਇਨਕਲਾਬੀ ਚੇਤਨਾ ਨੂੰ ਭਾਰਤ ਦੇ ਹਰ ਕੋਨੇ ਵਿਸ਼ੇਸ਼ਕਰ ਨੌਜਵਾਨਾਂ ਤੱਕ ਪਰਵਾਹਿਤ ਕਰਨਾ। ਜਿੱਥੇ 23 ਮਾਰਚ ਦੇ ਦਿਨ ਦਾ ਸਬੰਧ ਸ਼ਹੀਦ–ਏ–ਆਜ਼ਮ ਦੀ ਸ਼ਹੀਦੀ ਨਾਲ ਹੈ ਉਥੇ ਸਾਲ ਦੇ ਬਾਕੀ 364 ਦਿਨਾਂ ਦਾ ਸਬੰਧ ਉੱਚ ਆਦਰਸ਼ ਨੂੰ ਸਮਰਪਿਤ ਉਸ ਦੀਆਂ ਸਾਰੀਆਂ ਜੀਵਨ ਸਰਗਰਮੀਆਂ ਨਾਲ ਹੈ। ਜੇ ਸਾਲ ਦੇ 364 ਦਿਨ ਅਸੀਂ ਉਸ ਦੇ ਜੀਵਨ ਸੰਗਰਾਮ ਅਤੇ ਜੀਵਨ ਮਨੋਰਥ ਦਾ ਧਿਆਨ ਨਹੀਂ ਧਰਦੇ ਤਾਂ ਇਕ ਦਿਨ ਉਸ ਦੀ ਸ਼ਹੀਦੀ ਨੂੰ ਯਾਦ ਕਰਨ ਦੇ ਪਾਖੰਡ ਦਾ ਕੋਈ ਲਾਭ ਨਹੀਂ।

ਜਿਸ ਮੌਤ ਕਰਕੇ ਉਹ ਸਾਡੇ ਚੇਤਿਆਂ ਵਿਚ ਹੈ ਉਸ ਮੌਤ ਦਾ ਫੈਸਲਾ ਤਾਂ ਬਰਤਾਨਵੀ ਸਾਮਰਾਜ ਦੀ ਨੌਕਰਸ਼ਾਹੀ ਨੇ ਕੀਤਾ ਸੀ। ਜੇ ਇਸ ਫੈਸਲੇ ਨੂੰ ਨੌਕਰਸ਼ਾਹੀ ਮੌਕੇ ਤੇ ਰੱਦ ਕਰ ਦਿੰਦੀ ਤਾਂ ਸ਼ਾਇਦ ਸਾਨੂੰ ਅੱਜ ਭਗਤ ਸਿੰਘ ਦਾ ਨਾਂ ਵੀ ਪਤਾ ਨਾ ਹੁੰਦਾ। ਕਾਰਨ ਇਹ ਹੈ ਕਿ ਜਿਸ ਭਗਤ ਸਿੰਘ ਨੂੰ ਭਗਤ ਸਿੰਘ ਨੇ ਸਿਰਜਿਆ ਸੀ ਉਸ ਨਾਲ ਸਾਡਾ ਬਹੁਤਾ ਵਾਸਤਾ ਨਹੀਂ ਹੈ। ਅਸੀਂ ਬੁੱਤ ਸਿਰਜਨਾ ਅਤੇ ਬੁੱਤ ਪੂਜਾ ਨਾਲ ਹੀ ਆਪਣੀ ਗੁਜ਼ਰ ਬਸਰ ਕਰਨੀ ਚਾਹੁੰਦੇ ਹਾਂ। ਪੜ੍ਹਨਾ, ਗੁੜਨਾ, ਜਾਨਣਾ, ਸਮਝਣਾ ਪੰਜਾਬੀਆਂ ਲਈ ਬਹੁਤ ਔਖੇ ਕੰਮ ਹਨ। ਸਾਡੇ ਅਜਿਹੇ ਰਵੱਈਏ ਬਾਰੇ ਭਗਤ ਸਿੰਘ ਨੇ 16–17 ਸਾਲ ਦੀ ਉਮਰ ਵਿੱਚ ਲਿਖੇ ਇਕ ਲੇਖ ਵਿਚ ਵਰਨਣ ਕੀਤਾ ਸੀ –

**ਲਗਪਗ ਇਕੋ ਹੀ ਸਮੇਂ ਤੇ ਬੰਗਾਲ ਵਿਚ ਸਵਾਮੀ ਵਿਵੇਕਾਨੰਦ ਅਤੇ ਪੰਜਾਬ ਵਿਚ ਸਵਾਮੀ ਰਾਮਤੀਰਥ ਪੈਦਾ ਹੋਏ। ਦੋਨੋਂ ਹੀ ਇੱਕੋ ਦਰਜੇ ਦੇ ਮਹਾਂਪੁਰਸ਼ ਸਨ। ਦੋਨਾਂ ਨੇ ਵਿਦੇਸ਼ਾਂ ਵਿੱਚ ਭਾਰਤੀ ਤੱਤਵ ਗਿਆਨ ਦੀ ਧਾਂਕ ਜਮਾ ਕੇ ਖੁਦ ਜਗਤ ਪ੍ਰਸਿੱਧੀ ਪ੍ਰਾਪਤ ਕੀਤੀ। ਪਰ ਸਵਾਮੀ ਵਿਵੇਕਾਨੰਦ ਦਾ ਮਿਸ਼ਨ ਬੰਗਾਲ ਵਿੱਚ ਇੱਕ ਪੱਕੀ ਸੰਸਥਾ ਬਣ ਗਿਆ। ਪਰ ਪੰਜਾਬ ਵਿਚ ਸਵਾਮੀ ਰਾਮਤੀਰਥ ਦੀ ਯਾਦਗਾਰ ਤੱਕ ਨਹੀਂ ਦਿਸਦੀ। ......ਉਹ (ਸਵਾਮੀ ਰਾਮਤੀਰਥ) ਕਈ ਵਾਰ ਅਮਰੀਕਾ ਵਿੱਚ ਅਸਤ ਹੁੰਦੇ ਸੂਰਜ ਨੂੰ ਦੇਖ ਕੇ ਆਂਸੂ ਵਗਾਉਂਦੇ ਹੋਏ ਕਹਿ ਉੱਠਦੇ ਸਨ "ਤੂੰ ਹੁਣ ਮੇਰੇ ਪਿਆਰੇ ਭਾਰਤ ਵਿਚ ਚੜ੍ਹਨ ਜਾ ਰਿਹਾ ਹੈਂ, ਮੇਰੇ ਇਨ੍ਹਾਂ ਆਂਸੂਆਂ ਨੂੰ ਭਾਰਤ ਦੇ ਸੁੰਦਰ ਹਰੇ ਖੇਤਾਂ ਵਿਚ ਉਸ ਦੀਆਂ ਬੂੰਦਾਂ ਦੇ ਰੂਪ ਵਿਚ ਰੱਖ ਦੇਣਾ।" ਏਨਾ ਮਹਾਨ ਦੇਸ਼ ਅਤੇ ਈਸ਼ਵਰ ਭਗਤ ਸਾਡੇ ਸੂਬੇ ਵਿਚ ਪੈਦਾ ਹੋਇਆ ਹੋਵੇ, ਪਰ ਉਸ ਦੀ ਯਾਦਗਾਰ ਤੱਕ ਨਾ ਦਿਸੇ, ਇਸ ਦਾ ਕਾਰਨ ਸਾਹਿਤਕ ਪਿਛੜਿਆਪਨ ਤੋਂ ਇਲਾਵਾ ਹੋਰ ਕੀ ਹੋ ਸਕਦਾ ਹੈ? ਇਹ ਗੱਲ ਅਸੀਂ ਪੈਰ–ਪੈਰ ਤੇ ਅਨੁਭਵ ਕਰਦੇ ਹਾਂ। ਬੰਗਾਲ ਦੇ ਮਹਾਂਪੁਰਸ਼ ਸ਼੍ਰੀ ਰਵਿੰਦਰਨਾਥ ਠਾਕੁਰ ਅਤੇ ਸ਼੍ਰੀ ਕੇਸ਼ਵ ਚੰਦਰ ਸੇਨ ਦੀ ਟੱਕਰ ਦੇ ਪੰਜਾਬ ਵਿੱਚ ਕਈ ਮਹਾਂ ਪੁਰਸ਼ ਹੋਏ ਹਨ, ਪਰ ਉਨ੍ਹਾਂ ਦੀ ਉਹ ਕਦਰ ਨਹੀਂ ਅਤੇ ਮਰਨ ਦੇ ਬਾਅਦ ਉਹ ਜਲਦੀ ਹੀ ਭੁਲਾ ਦਿੱਤੇ ਗਏ, ਜਿਵੇਂ ਗੁਰੂ ਗਿਆਨ ਸਿੰਘ ਜੀ ਇਤਿਆਦਿ। ਇਸ ਸਾਰੇ**

**ਦੀ ਤਹਿ ਵਿਚ ਅਸੀਂ ਦੇਖਦੇ ਹਾਂ ਕਿ ਇੱਕ ਹੀ ਮੁੱਖ ਕਾਰਨ ਹੈ ਅਤੇ ਉਹ ਹੈ ਸਾਹਿਤਕ ਰੁਚੀ ਤੇ ਜਾਗ੍ਰਿਤੀ ਦੀ ਪੂਰੀ ਤਰ੍ਹਾਂ ਘਾਟ।**

ਭਗਤ ਸਿੰਘ ਪੜ੍ਹਾਈ ਤੋਂ ਭਗੌੜਾ ਹੋ ਕੇ ਬਣਿਆ ਇਨਕਲਾਬੀ ਨਹੀਂ ਸੀ। 1921 ਦੀ ਨਾ ਮਿਲਵਰਤਣ ਲਹਿਰ ਦੌਰਾਨ ਵਿਦਿਆਰਥੀਆਂ ਨੂੰ ਕਿਹਾ ਗਿਆ ਸੀ ਕਿ ਉਹ ਅੰਗਰੇਜ਼ਾਂ ਦੀ ਨੌਕਰੀ ਵਾਲੀ ਵਿੱਦਿਆ ਨੂੰ ਤਿਆਗਦੇ ਹੋਏ ਸਕੂਲ ਛੱਡ ਦੇਣ। ਦਸਵੀਂ ਵਿੱਚ ਪੜ੍ਹਦੇ ਭਗਤ ਸਿੰਘ ਨੇ ਸਕੂਲ ਛੱਡ ਦਿੱਤਾ। 1922 ਵਿੱਚ ਦੇਸ਼ ਭਗਤਾਂ ਨੇ ਲਾਹੌਰ ਨੈਸ਼ਨਲ ਕਾਲਜ ਖੋਲ੍ਹ ਕੇ ਨੌਜਵਾਨਾਂ ਲਈ ਦੇਸ਼ੀ ਤਰਜ਼ ਦੀ ਦੇਸ਼ ਭਗਤੀ ਦੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ। ਪਰ ਭਗਤ ਸਿੰਘ ਨੇ ਅਜੇ ਦਸਵੀਂ ਪਾਸ ਨਹੀਂ ਸੀ ਕੀਤੀ। ਉਸ ਨੇ ਬਹੁਤ ਮਿਹਨਤ ਕਰਕੇ ਵਿਸ਼ੇਸ਼ ਟੈਸਟ ਪਾਸ ਕਰਕੇ ਕਾਲਜ ਵਿਚ ਦਾਖਲਾ ਲਿਆ। ਇਥੇ ਉਹ ਰਾਜਨੀਤੀ, ਸਾਹਿਤ, ਭਾਸ਼ਾ, ਧਰਮ, ਇਤਿਹਾਸ, ਦਰਸ਼ਨ, ਸਮਾਜ ਸ਼ਾਸਤਰ ਆਦਿ ਵਿਸ਼ਿਆਂ ਦਾ ਨਾ ਕੇਵਲ ਵਿਦਿਆਰਥੀ ਬਣਿਆ ਸਗੋਂ ਖੋਜਾਰਥੀ ਹੋ ਨਿਬੜਿਆ। ਉਸ ਸਮੇਂ ਪੰਜਾਬ ਵਿਚ ਮਜ਼ਹਬਾਂ ਦੀ ਆੜ ਵਿਚ ਭਾਸ਼ਾ ਦੇ ਨਾਂ ਤੇ ਵੱਡਾ ਬਖੇੜਾ ਅਤੇ ਬਹਿਸ ਚੱਲ ਰਹੀ ਸੀ। 16-17 ਸਾਲਾ ਭਗਤ ਸਿੰਘ ਨੇ ਆਪਣੇ ਲੰਮੇ ਲੇਖ, ਜਿਸ ਦਾ ਅਸੀਂ ਉਪਰ ਵੀ ਜ਼ਿਕਰ ਕੀਤਾ ਹੈ, ਰਾਹੀਂ ਭਾਸ਼ਾ ਦੇ ਮਹੱਤਵ ਨੂੰ ਲੈ ਕੇ ਪੰਜਾਬ ਦੀ ਭਾਸ਼ਾ ਅਤੇ ਲਿੱਪੀ ਸਬੰਧੀ ਵਿਚਾਰ ਪ੍ਰਗਟ ਕੀਤੇ। ਉਹ ਪੰਜਾਬ ਵਿਚ ਪੰਜਾਬੀ ਭਾਸ਼ਾ ਦੇ ਮਹੱਤਵ ਦੀ ਗੱਲ ਕਰਦਿਆਂ ਲਿਖਦਾ ਹੈ-

**"ਸੰਸਕ੍ਰਿਤ ਦਾ ਸਾਰਾ ਸਾਹਿਤ ਹਿੰਦੂ ਸਮਾਜ ਨੂੰ ਮੁੜ ਸੁਰਜੀਤ ਨਾ ਕਰ ਸਕਿਆ। ਇਸ ਲਈ ਮੌਕੇ ਮੁਤਾਬਿਕ ਭਾਸ਼ਾ ਵਿੱਚ ਨਵੇਂ ਸਾਹਿਤ ਦੀ ਸਿਰਜਨਾ ਕੀਤੀ ਗਈ। ਉਸ ਮੌਕੇ ਮੁਤਾਬਕ ਭਾਵ ਦੇ ਸਾਹਿਤ ਨੇ ਆਪਣਾ ਜੋ ਪ੍ਰਭਾਵ ਦਿਖਾਇਆ ਉਹੀ ਅਸੀਂ ਅੱਜ ਤੱਕ ਅਨੁਭਵ ਕਰਦੇ ਹਾਂ। ..... ਔਖੀ ਸੰਸਕ੍ਰਿਤ ਦੇ ਮੰਤਰ ਅਤੇ ਪੁਰਾਣੀ ਅਰਬੀ ਦੀਆਂ ਆਇਤਾਂ ਏਨੀਆਂ ਅਸਰਦਾਰ ਨਹੀਂ ਹੋ ਸਕਦੀਆਂ ਜਿੰਨੀਆਂ ਕਿ ਆਪਣੀ ਭਾਸ਼ਾ ਦੀਆਂ ਸਧਾਰਨ ਗੱਲਾਂ।"**

ਉਹ ਦੂਸਰੀਆਂ ਭਾਰਤੀ ਭਾਸ਼ਾਵਾਂ ਦੀ ਸਥਿਤੀ ਦਾ ਵਰਨਣ ਕਰਦਾ ਹੋਇਆ ਪੰਜਾਬੀ ਦੀ ਤੱਤਕਾਲੀਨ ਸਥਿਤੀ ਦਾ ਵਿਸ਼ਲੇਸ਼ਣ ਕਰਦਾ ਹੈ-

**"ਦੂਜੇ ਸੂਬਿਆਂ ਵਿਚ ਅਸੀਂ ਦੇਖਦੇ ਹਾਂ ਕਿ ਮੁਸਲਮਾਨਾਂ ਨੇ ਸੂਬਾਈ ਭਾਸ਼ਾ ਨੂੰ ਖੂਬ ਅਪਨਾ ਲਿਆ ਹੈ। ਬੰਗਾਲ ਦੇ ਸਾਹਿਤਕ ਖੇਤਰ ਵਿਚ ਕਵੀ ਨਜ਼ਰ-ਉਲ-ਇਸਲਾਮ ਇੱਕ ਚਮਕਦਾ ਸਿਤਾਰਾ ਹੈ। ਹਿੰਦੀ ਕਵੀਆਂ ਵਿੱਚ ਲਤੀਫ ਹੁਸ਼ੈਨ ਨਟਵਰ ਉਲੇਖਨੀਯ ਹੈ। ਇਸੇ ਤਰ੍ਹਾਂ ਗੁਜਰਾਤ ਵਿੱਚ ਵੀ ਹੈ। ਪਰ ਬਦਕਿਸਮਤੀ** ਹੈ ਪੰਜਾਬ ਦੀ। ਏਥੇ ਮੁਸਲਮਾਨਾਂ ਦਾ ਸਵਾਲ ਤਾਂ ਵੱਖਰਾ ਰਿਹਾ, ਹਿੰਦੂ ਸਿੱਖ ਵੀ ਇਸ ਗੱਲ ਤੇ ਨਹੀਂ ਮਿਲ ਸਕੇ।"

ਅਸੀਂ ਭਗਤ ਸਿੰਘ ਨੂੰ ਸਿਰਫ਼ ਅਣਖੀਲੇ, ਨਿੱਡਰ ਅਤੇ ਹਿੰਸਕ ਯੋਧੇ ਦੇ ਰੂਪ ਵਿੱਚ ਹੀ ਸਥਾਪਤ ਕੀਤਾ ਹੈ। ਬਹੁਤ ਸੂਖ਼ਮ ਅਤੇ ਸੰਵੇਦਨਸ਼ੀਲ ਮਨ ਵਾਲੇ ਕੋਮਲ ਭਾਵੀ ਭਗਤ ਸਿੰਘ ਸਾਡੇ ਲੋਕ ਮਨ ਦਾ ਭਾਗ ਨਹੀਂ ਬਣਿਆ। 1923-24 ਵਿਚ ਜਦ ਪਹਿਲੀ ਵਾਰ ਘਰੋਂ ਕਾਨਪੁਰ ਜਾ ਕੇ ਗਣੇਸ਼ ਸ਼ੰਕਰ ਵਿਦਿਆਰਥੀ ਦੇ ਪ੍ਰਤਾਪ ਅਖ਼ਬਾਰ ਵਿੱਚ ਕੰਮ ਕਰਨ ਲੱਗਿਆ ਤਾਂ ਉਥੇ ਬੀ. ਕੇ. ਦੱਤ, ਚੰਦਰ ਸ਼ੇਖਰ ਆਜ਼ਾਦ, ਜੈਦੇਵ ਕਪੂਰ, ਰਾਮ ਪ੍ਰਸਾਦ ਬਿਸਮਿਲ, ਸ਼ਿਵ ਵਰਮਾ ਆਦਿ ਇਨਕਲਾਬੀਆਂ ਨਾਲ ਮੇਲ ਹੋਇਆ। ਇਥੇ ਪਾਰਟੀ ਵਾਸਤੇ ਕਿਸੇ ਪਿੰਡ ਡਾਕਾ ਮਾਰਨ ਜਾਣਾ ਪਿਆ। ਇਸ ਘਟਨਾ ਨੇ ਭਗਤ ਸਿੰਘ ਦੇ ਮਨ ਨੂੰ ਵਲੂੰਧਰ ਦਿੱਤਾ। ਉਹ ਬਹੁਤ ਰੋਇਆ ਤੇ ਕਹਿਣ ਲੱਗਾ, **"ਆਜ਼ਾਦ ਭਾਰਤ ਦੀ ਕੀ ਤਮੰਨਾ ਲੈ ਕੇ ਅਸੀਂ ਏਦਾਂ ਦੇ ਕੰਮਾਂ ਵਿੱਚ ਭਟਕੇ ਫਿਰਦੇ ਹਾਂ। ਇਹ ਜਬਰਦਸਤੀ ਹਥਿਆਰਾਂ ਦੇ ਜ਼ੋਰ ਪਾਰਟੀ ਲਈ ਪੈਸੇ ਇਕੱਠੇ ਕਰਨਾ ਸਾਨੂੰ ਆਜ਼ਾਦ ਭਾਰਤ ਦੀ ਕੀ ਤਸਵੀਰ ਦੇਵੇਗਾ?"** ਇਸ ਸਵਾਲ ਦੇ ਜਵਾਬ ਦੀ ਖੋਜ ਸ਼ੁਰੂ ਹੋਈ। ਇਸੇ ਖੋਜ ਦੀ ਦ੍ਰਿਸ਼ਟੀ ਤੋਂ ਰੂਸ, ਆਇਰਲੈਂਡ, ਇਟਲੀ ਆਦਿ ਦੇਸ਼ਾਂ ਵਿਚ ਚੱਲੇ ਸੰਘਰਸ਼ਾਂ ਦੀਆਂ ਕਹਾਣੀਆਂ ਨੂੰ ਘੋਖਿਆ ਪੜਤਾਲਿਆ ਗਿਆ। ਇਸ ਤਰ੍ਹਾਂ ਭਗਤ ਸਿੰਘ ਨੇ ਇਨਕਲਾਬ ਦੇ ਰਾਹ ਤੁਰਨ ਲੱਗਿਆਂ ਆਪਣੇ ਆਪ ਨੂੰ ਬੰਬਾਂ, ਪਿਸਤੌਲਾਂ ਜਾਂ ਗੋਲੀਆਂ ਨਾਲ ਲੈਸ ਕਰਨ ਦੀ ਥਾਂ ਅਧਿਐਨ ਨਾਲ ਲੈਸ ਕੀਤਾ। 9 ਅਗਸਤ 1925 ਨੂੰ ਕਾਕੋਰੀ ਵਿਖੇ ਸਰਕਾਰੀ ਖ਼ਜ਼ਾਨਾ ਲੁੱਟਣ ਵਾਲੇ ਸਾਰੇ ਇਨਕਲਾਬੀ (ਸਿਵਾਏ ਚੰਦਰ ਸ਼ੇਖਰ ਆਜ਼ਾਦ ਦੇ) ਪਕੜੇ ਗਏ ਤਾਂ ਜਥੇਬੰਦੀ ਦੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਦਾ ਸਾਰਾ ਭਾਰ ਭਗਤ ਸਿੰਘ ਹੋਰਾਂ ਤੇ ਆਣ ਪਿਆ। ਉਸ ਵੇਲੇ ਆਪਣੀ ਮਨੋ-ਸਥਿਤੀ ਦਾ ਭਗਤ ਸਿੰਘ ਨੇ ਇਸ ਤਰ੍ਹਾਂ ਵਰਨਣ ਕੀਤਾ ਹੈ-

**"ਅਧਿਐਨ ਕਰਨ ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿੱਚ ਉਭਰਦੀਆਂ ਰਹੀਆਂ। ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ**

**ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਐਨ ਕਰ। ਮੈਂ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿੱਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿੱਚ ਸਿਰਫ਼ ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ।"**

1927 ਦੇ ਅਖੀਰ ਵਿੱਚ ਭਗਤ ਸਿੰਘ ਤੋਂ ਉਸ ਦੇ ਬਚਪਨ ਦੇ ਦੋਸਤ ਅਮਰ ਚੰਦ, ਜੋ ਅਮਰੀਕਾ ਵਿਚ ਪੜ੍ਹਨ ਗਿਆ ਹੋਇਆ ਸੀ, ਦੀ ਮਾਤਾ ਨੇ ਆਪਣੇ ਪੁੱਤਰ ਨੂੰ ਖ਼ਤ ਲਿਖਵਾਇਆ। ਭਗਤ ਸਿੰਘ ਨੇ ਆਪਣੇ ਵਲੋਂ ਵੀ ਅਮਰ ਚੰਦ ਨੂੰ ਇੱਕ ਚਿੱਠੀ ਲਿਖ ਕੇ ਉਸੇ ਲਿਫਾਫ਼ੇ ਵਿਚ ਪਾਈ। ਇਸ ਚਿੱਠੀ ਵਿਚ ਮੁੱਖ ਤੌਰ ਤੇ ਆਪਣੇ ਹਾਲਾਤ ਦਾ ਵਰਨਣ ਕੀਤਾ ਸੀ। ਇਸ ਵਿਚ ਉਹ ਆਪਣੇ ਦੋਸਤ ਨੂੰ ਇਹ ਵੀ ਲਿਖਦਾ ਹੈ–

**"ਭਾਈ ਖ਼ੂਬ ਦਿਲ ਲਾ ਕੇ ਤਾਲੀਮ ਹਾਸਲ ਕਰਦੇ ਜਾਓ। ...ਕਦੀ ਮੌਕਾ ਮਿਲੇ ਤਾਂ ਕੋਈ ਚੰਗੀਆਂ ਚੰਗੀਆਂ ਕਿਤਾਬਾਂ ਭੇਜਣ ਦੀ ਤਕਲੀਫ ਉਠਾਣਾ। ਆਖਰ ਅਮਰੀਕਾ ਵਿਚ ਲਿਟਰੇਚਰ ਤਾਂ ਬਹੁਤ ਹੈ।"**

ਇਸ ਤੋਂ ਉਸ ਦੇ ਸਾਹਿਤ ਅਤੇ ਅਧਿਅਨ ਪ੍ਰਤੀ ਲਗਾਓ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਰੂਪੋਸ਼ੀ ਦੇ ਸਮੇਂ ਜਦ ਉਸ ਦੀ ਕਮੀਜ਼ ਤੇ ਪਜਾਮਾ ਵੀ ਸਾਥ ਛੱਡ ਗਏ, ਉਸ ਕੋਲ ਪਹਿਨਣ ਲਈ ਸਿਰਫ਼ ਇੱਕ ਫਟਿਆ ਪੁਰਾਣਾ ਖੱਦਰ ਦਾ ਕੋਟ ਅਤੇ ਇੱਕ ਚਾਦਰ ਸੀ, ਉਸ ਸਮੇਂ ਵੀ ਉਸ ਕੋਲ ਕੋਈ ਨਾ ਕੋਈ ਵਧੀਆ ਕਿਤਾਬ ਜ਼ਰੂਰ ਹੁੰਦੀ ਸੀ। ਅਧਿਐਨ ਦੇ ਨਾਲ ਨਾਲ ਦੂਸਰਿਆਂ ਨੂੰ ਵੀ ਪੜ੍ਹਾਉਣਾ ਸ਼ੁਰੂ ਕੀਤਾ। ਬਾਹਰਲੇ ਚੰਗੇਰੇ ਸਾਹਿਤ ਦੇ ਤਰਜੁਮੇ ਕੀਤੇ। ਬੱਬਰ ਅਕਾਲੀ ਲਹਿਰ, ਗਦਰ ਲਹਿਰ, ਕੂਕਾ ਲਹਿਰ ਅਤੇ ਭਾਰਤ ਦੀ ਆਜ਼ਾਦੀ ਨਾਲ ਸਬੰਧਤ ਹੋਰ ਲਹਿਰਾਂ ਅਤੇ ਇਨ੍ਹਾਂ ਨਾਲ ਜੁੜੇ ਦੇਸ਼ ਭਗਤਾਂ ਸਬੰਧੀ ਸਿਲਸਿਲੇਵਾਰ ਲਿਖਿਆ। ਕਿਰਤੀ ਅਖ਼ਬਾਰ ਦੇ ਸੰਪਾਦਨ ਦੀ ਜ਼ਿੰਮੇਵਾਰੀ ਨਿਭਾਉਣੀ ਸ਼ੁਰੂ ਕੀਤੀ। ਦੁਨੀਆਂ ਵਿੱਚ ਵਾਪਰ ਰਹੀਆਂ ਵਿਚਾਰਧਾਰਕ ਅਤੇ ਰਾਜਨੀਤਕ ਤਬਦੀਲੀਆਂ ਬਾਰੇ ਖ਼ੂਬ ਲਿਖਿਆ। ਕਾਕੋਰੀ ਕਾਂਡ ਨਾਲ ਸਬੰਧਤ ਇਨਕਲਾਬੀਆਂ ਬਾਰੇ ਲੇਖ ਲੜੀ ਲਿਖੀ। ਉਸ ਨੇ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਚਾਰ ਜ਼ੁਬਾਨਾਂ ਵਿਚ ਇੱਕੋ ਜਿੰਨਾ ਵਧੀਆ ਲਿਖਣ ਦੀ ਮੁਹਾਰਤ ਹਾਸਿਲ ਕੀਤੀ। ਉਸ ਦੇ ਦੁਆਰਾ ਤੱਥਾਂ ਅਧਾਰਿਤ ਲਿਖੀ ਸੰਘਣੀ ਵਾਰਤਕ ਵਿੱਚ ਵੀ ਕਵਿਤਾ ਵਰਗੇ ਸੰਗੀਤ ਦੀ ਛਣਕਾਰ ਤੇ ਰਵਾਨੀ ਹੁੰਦੀ ਸੀ–

**"ਅਨਿਆਈ ਪ੍ਰਬੰਧ! ਉਹ ਲੋਕ ਜੋ ਮਹੱਲ ਬਣਾਉਂਦੇ ਹਨ ਝੌਂਪੜੀਆਂ ਵਿਚ ਰਹਿੰਦੇ ਹਨ। ਉਹ ਲੋਕ ਜੋ ਸੋਹਣੀਆਂ-ਸੋਹਣੀਆਂ ਅਤੇ ਆਰਾਮ ਦੇਣ ਵਾਲੀਆਂ ਚੀਜ਼ਾਂ ਬਣਾਉਂਦੇ ਹਨ ਪੁਰਾਣੀਆਂ ਅਤੇ ਗੰਦੀਆਂ ਚਟਾਈਆਂ ਤੇ ਸੌਂਦੇ ਹਨ। ਐਸਾ ਕਿਉਂ ਰਹਿਣਾ ਚਾਹੀਦਾ ਹੈ? ਜੇ ਐਸੀ ਹੀ ਹਾਲਤ ਪਿਛਲੇ ਸਮੇਂ ਵਿੱਚ ਰਹੀ ਹੈ ਤਾਂ ਆਉਂਣ ਵਾਲੇ ਸਮੇਂ ਵਿਚ ਕਿਉਂ ਨਹੀਂ ਹੋਰ ਹੋਣੀ ਚਾਹੀਦੀ? ਜੇ ਅਸੀਂ ਚਾਹੁੰਦੇ ਹਾਂ ਕਿ ਹਿੰਦੋਸਤਾਨੀਆਂ ਦੀ ਹਾਲਤ ਅੱਜ ਨਾਲੋਂ ਚੰਗੀ ਹੋਵੇ ਤਾਂ ਇਹ ਹਾਲਤ ਤਬਦੀਲ ਹੋਣੀ ਚਾਹੀਦੀ ਹੈ। ਸਾਨੂੰ ਤਬਦੀਲ ਕਰਨੀ ਚਾਹੀਦੀ ਹੈ।"**

ਅੱਜ ਕੱਲ੍ਹ ਬਹੁਤੇ ਪੋਸਟਰਾਂ ਵਿੱਚ ਭਗਤ ਸਿੰਘ ਨੂੰ ਪਿਸਤੌਲ ਚੁੱਕੀ ਦਿਖਾਇਆ ਹੁੰਦਾ ਹੈ। ਪਰ ਭਗਤ ਸਿੰਘ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਵਿੱਢੀ ਜੰਗ ਵਿੱਚ ਜਿਹੜਾ ਪਹਿਲਾ ਹਥਿਆਰ ਚੁੱਕਿਆ ਸੀ ਉਹ ਪਿਸਤੌਲ ਨਹੀਂ ਸਗੋਂ ਕਲਮ ਸੀ। ਗੁਰੂ ਗੋਬਿੰਦ ਸਿੰਘ ਸੰਗੀਤ, ਕਾਵਿ, ਦਰਸ਼ਨ, ਨਾਟਕ, ਸੰਵਾਦ ਆਦਿ ਸਭ ਵਸੀਲਿਆਂ ਦੇ ਭਰਵੇਂ ਉਪਯੋਗ ਤੋਂ ਮਗਰੋਂ ਹੀ ਹਥਿਆਰ ਉਠਾਉਣ ਨੂੰ ਵਾਜਿਬ ਮੰਨਦੇ ਹਨ–

**ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ**

ਇਸੇ ਤਰ੍ਹਾਂ ਹਿੰਸਾ ਭਗਤ ਸਿੰਘ ਦਾ ਵੀ ਮਨਭਾਉਂਦਾ ਪਹਿਲਾ ਹਥਿਆਰ ਕਦਾਚਿੱਤ ਨਹੀਂ ਸੀ। ਉਹ ਲਿਖਦਾ ਹੈ–

**"ਸਖ਼ਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ ਪਰ ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ।"**

ਭਗਤ ਸਿੰਘ ਅਤੇ ਬੀ. ਕੇ. ਦੱਤ ਵਲੋਂ 8 ਅਪਰੈਲ 1929 ਨੂੰ ਦਿੱਲੀ ਅਸੈਂਬਲੀ ਵਿੱਚ ਬੰਬ ਸੁੱਟਣ ਮਗਰੋਂ ਸੁੱਟੇ ਪੈਂਫਲਿਟਾਂ ਵਿਚ ਹਿੰਸਾ-ਅਹਿੰਸਾ ਬਾਰੇ ਵਿਚਾਰਾਂ ਨੂੰ ਸਪੱਸ਼ਟ ਕੀਤਾ ਗਿਆ ਸੀ–

**"ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਮੰਨਦੇ ਹਾਂ ਅਤੇ ਉਸ ਦੇ ਸੁਨਹਿਰੀ ਭਵਿੱਖ ਦਾ ਸੁਪਨਾ ਵੇਖਦੇ ਹਾਂ ਜਦੋਂ ਮਨੁੱਖ ਪੂਰਨ ਸ਼ਾਂਤੀ ਤੇ ਆਜ਼ਾਦੀ ਨਾਲ ਵਿਚਰੇਗਾ। ਸਾਨੂੰ ਇਹ ਪਰਵਾਨ ਕਰਦਿਆਂ ਦੁੱਖ ਹੁੰਦਾ ਹੈ ਅਸੀਂ ਇਨਸਾਨੀ ਖ਼ੂਨ ਡੋਲ੍ਹਣ ਤੇ ਮਜਬੂਰ ਕੀਤੇ ਹੋਏ**

**ਹਾਂ।"**

ਅਸੈਂਬਲੀ ਬੰਬ ਕੇਸ ਵਿੱਚ ਭਗਤ ਸਿੰਘ ਦਾ ਅਦਾਲਤੀ ਬਿਆਨ ਸੀ –

**"ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ ਅਤੇ ਨਾ ਹੀ ਇਸ ਵਿਚ ਨਿੱਜੀ ਬਦਲੇ ਲਈ ਕੋਈ ਥਾਂ ਹੈ। ਇਹ ਬੰਬ ਅਤੇ ਪਿਸਤੌਲ ਦਾ ਫ਼ਿਰਕਾ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਨੰਗੇ ਅਨਿਆਂ ਉੱਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।"**

ਇਸੇ ਦੌਰਾਨ 19 ਅਕਤੂਬਰ 1929 ਨੂੰ ਪੰਜਾਬ ਸਟੂਡੈਂਟ ਯੂਨੀਅਨ ਦੀ ਦੂਸਰੀ ਕਾਨਫਰੰਸ, ਜਿਸ ਦੇ ਸਭਾਪਤੀ ਨੇਤਾ ਜੀ ਸੁਭਾਸ਼ ਚੰਦਰ ਬੋਸ ਸਨ, ਵਿਚ ਭਗਤ ਸਿੰਘ ਹੋਰਾਂ ਦੁਆਰਾ ਘੱਲੇ ਗਏ ਸੰਦੇਸ਼ ਵਿਚ ਦਰਜ ਸੀ–

**"ਅਸੀਂ ਨੌਜਵਾਨਾਂ ਨੂੰ ਬੰਬ ਤੇ ਪਿਸਤੌਲ ਚੁੱਕਣ ਦੀ ਸਲਾਹ ਨਹੀਂ ਦੇ ਸਕਦੇ। ਵਿਦਿਆਰਥੀਆਂ ਦੇ ਕਰਨ ਲਈ ਇਸ ਤੋਂ ਜ਼ਿਆਦਾ ਵੱਡੇ ਕੰਮ ਹਨ।"**

ਕਿਉਂਕਿ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਅੰਗਰੇਜ਼ ਪੁਲਿਸ ਅਫ਼ਸਰ ਸਾਂਡਰਸ ਦਾ ਕਤਲ ਕਰਕੇ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲਿਆ ਇਸ ਲਈ ਸਾਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਮਨਾਂ ਵਿਚ ਲਾਲਾ ਜੀ ਪ੍ਰਤੀ ਬਹੁਤ ਸ਼ਰਧਾ ਦਾ ਭਾਵ ਸੀ। ਸਾਨੂੰ ਲੱਗਦਾ ਹੈ ਕਿ ਗਰਮ ਖਿਆਲੀਏ ਹੋਣ ਕਰਕੇ ਲਾਲਾ ਜੀ ਇਨ੍ਹਾਂ ਇਨਕਲਾਬੀਆ ਦੇ ਸਰਪਰਸਤ ਹੋਣਗੇ ਅਤੇ ਉਨ੍ਹਾਂ ਦੀ ਕਿਸੇ ਬੁਲੰਦ ਸਖ਼ਸ਼ੀਅਤ, ਉਚ ਆਦਰਸ਼ਾਂ ਅਤੇ ਦੇਸ਼ ਭਗਤੀ ਕਾਰਨ ਭਗਤ ਸਿੰਘ ਅਤੇ ਉਸ ਦੇ ਸਾਥੀ ਲਾਲਾ ਜੀ ਦੇ ਅਨਿਨ ਭਗਤ ਹੋਣਗੇ। ਪਰ ਅਸਲੀਅਤ ਇਸ ਤੋਂ ਉਲਟ ਸੀ। ਭਗਤ ਸਿੰਘ ਤੇ ਉਸਦੇ ਸਾਥੀ ਲਾਲਾ ਲਾਜਪਤ ਰਾਏ ਦੀਆਂ ਇਨਕਲਾਬੀ ਲਹਿਰ ਨਾਲ ਧ੍ਰੋਹ ਕਰਨ, ਵਿਦੇਸ਼ਾਂ 'ਚੋਂ ਆਜ਼ਾਦੀ ਸੰਗਰਾਮ ਦੇ ਨਾਂ ਤੇ ਧਨ ਇਕੱਠਾ ਕਰਕੇ ਆਪਣੀ ਮਰਜ਼ੀ ਅਤੇ ਹਿੱਤ ਮੁਤਾਬਕ ਵਰਤਣ ਅਤੇ ਫੋਕੀ ਲੀਡਰੀ ਚਮਕਾਉਣ ਵਰਗੀਆਂ ਸੁਆਰਥੀ ਕਾਰਵਾਈਆਂ ਤੋਂ ਬੜੀ ਸ਼ਾਲੀਨਤਾ ਅਤੇ ਦਲੀਲ ਨਾਲ ਪਰਦਾ ਚੁੱਕਦੇ ਰਹੇ ਸਨ। ਸਾਂਡਰਸ ਦਾ ਕਤਲ ਇਕ ਮਨੁੱਖ ਦੀ ਮੌਤ ਦਾ ਦੂਸਰੇ ਮਨੁੱਖ ਨੂੰ ਮਾਰ ਕੇ ਲਿਆ ਨਿੱਜੀ ਕਿਸਮ ਦਾ ਬਦਲਾ ਨਹੀਂ ਸੀ। ਇਹ ਅੰਗਰੇਜ਼ੀ ਹਕੂਮਤ ਦੇ ਕਾਲੇ ਕਾਨੂੰਨ ਵਿਰੁੱਧ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਨ ਵਾਲੇ ਇਕ ਭਾਰਤੀ ਆਗੂ ਦੀ ਪੁਲਿਸ ਦੀਆਂ ਡਾਂਗਾਂ ਦੀਆ ਸੱਟਾਂ ਨਾਲ ਹੋਈ ਮੌਤ ਕਾਰਨ ਦੇਸ਼ ਵਾਸੀਆਂ ਦੇ ਡਿੱਗੇ ਕੌਮੀ ਮਨੋਬਲ ਨੂੰ ਮੁੜ ਉਭਾਰਨ ਲਈ ਕੀਤਾ ਗਿਆ ਕਾਰਨਾਮਾ ਸੀ।

ਦੂਜੇ ਪਾਸੇ ਅਸੀਂ ਭਗਤ ਸਿੰਘ ਅਤੇ ਮਹਾਤਮਾਂ ਗਾਂਧੀ ਨੂੰ ਇੱਕ ਦੂਸਰੇ ਦੇ ਕੱਟੜ ਵਿਰੋਧੀ ਅਤੇ ਦੁਸ਼ਮਣ ਤਸਲੀਮ ਕਰਦੇ ਹਾਂ। ਭਗਤ ਸਿੰਘ ਦੇ ਪ੍ਰਸ਼ੰਸਕ ਅਖਵਾਉਣ ਲਈ ਗਾਂਧੀ ਨੂੰ ਗਾਲ੍ਹਾਂ ਕੱਢਣਾ ਜ਼ਰੂਰੀ ਸ਼ਰਤ ਮੰਨੀ ਜਾਣ ਲੱਗੀ ਹੈ। ਭਗਤ ਸਿੰਘ ਵਾਦੀ ਦਰਸਾਉਣ ਲਈ ਗਾਂਧੀ ਅਤੇ ਭਗਤ ਸਿੰਘ ਦੇ ਵਿਚਾਰਾਂ ਅਤੇ ਲਿਖਤਾਂ ਨੂੰ ਪੜ੍ਹੇ ਬਗੈਰ ਹੀ ਗਾਂਧੀ ਨੂੰ ਨਿੰਦਣਾ ਭੰਡਣਾ ਆਪਣਾ ਹੱਕ ਸਮਝਦੇ ਹਾਂ। ਉਸ ਦੇ ਇਖ਼ਲਾਕ ਅਤੇ ਚਰਿੱਤਰ ਬਾਰੇ ਏਨੀਆਂ ਘਟੀਆ ਅਤੇ ਕਮੀਨੀਆਂ ਗੱਲਾਂ ਕਰਦੇ ਹਾਂ ਜਿਹੜੀਆਂ ਕਿਸੇ ਸਧਾਰਨ ਆਦਮੀ ਬਾਰੇ ਵੀ ਕਰਨੀਆਂ ਵਾਜਿਬ ਨਹੀਂ। ਪਰ ਭਗਤ ਸਿੰਘ ਭਾਵੇਂ ਗਾਂਧੀ ਦੇ ਵਿਚਾਰਾਂ ਅਤੇ ਸਿਆਸਤ ਨੂੰ ਕਿਰਤੀ ਲੋਕਾਂ ਦੇ ਹਿੱਤ ਵਿਚ ਨਹੀਂ ਸੀ ਮੰਨਦਾ ਪਰ ਉਸ ਦੇ ਇਖ਼ਲਾਕ ਅਤੇ ਸੁਹਿਰਦਤਾ ਤੇ ਕਦੇ ਕਿੰਤੂ ਨਹੀਂ ਕੀਤਾ। ਭਾਵੇਂ ਗਾਂਧੀ ਦੁਆਲੇ ਆਪਣੇ ਹਿੱਤਾਂ ਖਾਤਰ ਜੁੜੀ ਖ਼ੁਦਗਰਜ਼ ਸਰਮਾਏਦਾਰੀ ਨੂੰ ਉਹ ਆਮ ਭਾਰਤੀ ਜਨਤਾ ਲਈ ਵੱਡਾ ਖ਼ਤਰਾ ਮੰਨਦਾ ਸੀ ਪਰ ਉਸ ਦੀ ਸਿਆਸੀ ਸ਼ਕਤੀ ਅਤੇ ਜੁਗਤਾਂ ਦਾ ਕਾਇਲ ਸੀ। ਉਹ ਲਿਖਦਾ ਹੈ–

**"ਗਾਂਧੀ ਇਕ ਦਿਆਲੂ ਮਾਨਵਤਾਵਾਦੀ ਆਦਮੀ ਹੈ ਪਰ ਅਜਿਹੇ ਦਿਆਲੂਪੁਣੇ ਨਾਲ ਸਮਾਜਕ ਤਬਦੀਲੀ ਨਹੀਂ ਆਉਂਦੀ, ਸਗੋਂ ਉਸ ਲਈ ਇਕ ਵਿਗਿਆਨਕ ਅਤੇ ਗਤੀਸ਼ੀਲ ਸਮਾਜਕ ਸ਼ਕਤੀ ਦੀ ਜ਼ਰੂਰਤ ਹੈ। ...ਇਹ ਲਹਿਰ ਜੋ ਅੱਜ ਹੈ ਇਸ ਨੂੰ ਗਾਂਧੀਵਾਦ ਕਹਿਣਾ ਹੀ ਠੀਕ ਹੈ। ...ਇਸ ਦਾ ਤਰੀਕਾ ਅਨੂਠਾ ਹੈ, ਪਰ ਇਸ ਦੇ ਵਿਚਾਰ 'ਵਿਚਾਰੇ ਲੋਕਾਂ' ਦੇ ਕਿਸੇ ਕੰਮ ਦੇ ਨਹੀਂ। ਇਸ (ਗਾਂਧੀ) ਨੂੰ ਚਲਾਉਣ ਵਾਲੇ ਵੀ ਦੇਸ਼ ਦੇ ਅਜਿਹੇ ਲੋਕ ਹਨ, ਜਿਨ੍ਹਾਂ ਦਾ ਹਿੱਤ ਇਸ ਨਾਲ ਬੱਝਾ ਹੈ, ਉਹ ਆਪਣੇ ਹਿੱਤਾਂ ਨਾਲ ਬੁਰਜਵਾ ਹੱਠ ਰਾਹੀਂ ਚਿਪਕੇ ਹੋਏ ਹਨ। ਇਸ ਨੂੰ ਤਾਂ ਇਸ ਦੇ ਦੋਸਤਾਂ ਤੋਂ ਬਚਾਉਣ ਦੀ ਲੋੜ ਹੈ। ਗਾਂਧੀਵਾਦ ਆਪਣੇ ਭਾਣਾ ਮੰਨਣ ਦੇ ਮੱਤ ਰੱਖਣ ਦੇ ਬਾਵਜੂਦ ਇਨਕਲਾਬੀ ਵਿਚਾਰਾਂ ਦੇ ਨੇੜੇ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਨੇ ਕਿਰਤੀਆਂ ਨੂੰ ਲਹਿਰ ਵਿਚ ਹਿੱਸੇਦਾਰ ਬਣਾ ਕੇ ਕਿਰਤੀ ਇਨਕਲਾਬ ਲਈ ਰਾਹ ਪਾ ਦਿੱਤਾ ਹੈ। ..ਇਨਕਲਾਬੀਆਂ ਨੂੰ ਅਹਿੰਸਾ ਦੇ ਫਰਿਸ਼ਤੇ ਨੂੰ ਉਸਦਾ ਯੋਗ ਥਾਂ ਦੇਣਾ ਚਾਹੀਦਾ ਹੈ।"**

ਆਮ ਤੌਰ ਤੇ ਇਹੀ ਮਹਿਸੂਸ ਕੀਤਾ ਜਾਂਦਾ ਹੈ ਕਿ

ਭਗਤ ਸਿੰਘ ਭਾਰਤੀਆਂ ਦੀ ਗੁਲਾਮੀ ਅਤੇ ਪੱਛੜੇਪਨ ਲਈ ਅੰਗਰੇਜ਼ੀ ਸਾਮਰਾਜ ਨੂੰ ਹੀ ਜਿੰਮੇਵਾਰ ਸਮਝਦਾ ਸੀ ਅਤੇ ਸਿਰਫ਼ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਭਜਾਉਣ ਲਈ ਬੰਦੂਕਾਂ ਚੁੱਕੀ ਫਿਰਦਾ ਸੀ। ਪਰ ਉਹ ਭਾਰਤੀਆਂ ਦੇ ਰਾਜਨੀਤਕ, ਸੱਭਿਆਚਾਰਕ, ਆਤਮਿਕ ਅਤੇ ਮਾਨਸਿਕ ਪਛੜੇਵੇਂ ਲਈ ਜ਼ੋਰ ਸ਼ੋਰ ਨਾਲ ਭਾਰਤੀਆਂ ਨੂੰ ਜਿੰਮੇਵਾਰ ਠਹਿਰਾਉਂਦਾ ਰਿਹਾ ਹੈ। ਅਜਿਹੇ ਪੱਛੜੇਪਨ ਨੂੰ ਚਿਤਵ ਕੇ ਤੜਫਦਾ, ਕਲਪਦਾ ਤੇ ਵਿਲਕਦਾ ਰਿਹਾ ਹੈ। ਏਨਾ ਹੀ ਨਹੀਂ, ਉਹ ਹਿੰਦ ਵਾਸੀਆਂ ਦੀਆਂ ਰਗਾਂ 'ਚੋਂ ਇਸ ਪੱਛੜੇਪਨ ਨੂੰ ਹੂੰਝ ਕੇ ਬਾਹਰ ਸੁੱਟਣ ਲਈ ਆਪਣੇ ਸ਼ਬਦਾਂ ਦੀਆਂ ਗੋਲੀਆਂ ਚਲਾਉਂਦਾ ਰਿਹਾ, ਆਪਣੀਆਂ ਲਿਖਤਾਂ ਦੇ ਬੰਬ ਫਟਾਉਂਦਾ ਰਿਹਾ। ਮਹਾਨ ਦੇਸ਼ ਭਗਤਾਂ ਬਾਰੇ ਲਿਖੇ ਲੇਖਾਂ ਵਿਚ ਉਹ ਅਕ੍ਰਿਤਘਣ ਭਾਰਤੀਆਂ ਨੂੰ ਵਾਰ ਵਾਰ ਫਿਟਕਾਰਦਾ ਰਿਹਾ।

ਅਸੀਂ ਭਗਤ ਸਿੰਘ ਦੇ ਪੰਜਾਬੀ ਹੋਣ ਤੇ ਲੱਖ ਚੌੜੇ ਹੁੰਦੇ ਫਿਰੀਏ ਪਰ ਭਗਤ ਸਿੰਘ ਨੂੰ ਸਾਡੀ (ਪੰਜਾਬੀਆਂ ਦੀ) 'ਮਹਾਨਤਾ' ਬਾਰੇ ਕੋਈ ਭਰਮ ਨਹੀਂ ਸੀ। ਉਸ ਨੇ ਆਪਣੇ ਪੰਜਾਬੀ ਜਾਂ ਜੱਟ ਦੀ ਹੋਣ ਜਾਂ ਸਿੱਖ ਭਾਈਚਾਰੇ ਨਾਲ ਸਬੰਧਤ ਹੋਣ ਦੀ ਕਦੇ ਟਾਹਰ ਨਹੀਂ ਮਾਰੀ। ਸਗੋਂ ਇਸ ਤੋਂ ਉਲਟ ਆਪਣੀਆਂ ਲਿਖਤਾਂ ਵਿਚ ਉਹ ਪੰਜਾਬੀਆਂ ਨੂੰ ਹੋਰ ਦੇਸ਼ ਵਾਸੀਆਂ ਦੇ ਮੁਕਾਬਲੇ ਵਧੇਰੇ ਖ਼ੁਦਗਰਜ਼, ਅਕ੍ਰਿਤਘਣ ਅਤੇ ਰਾਜਸੀ ਚੇਤਨਾ ਪੱਖੋਂ ਅਵੇਸਲੇ ਤਸਲੀਮ ਕਰਦਾ ਸੀ। 27 ਫਰਵਰੀ 1926 ਨੂੰ ਹੋਲੀ ਵਾਲੇ ਦਿਨ ਛੇ ਬੱਬਰ ਅਕਾਲੀਆਂ- ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ, ਦਲੀਪ ਸਿੰਘ, ਨੰਦ ਸਿੰਘ, ਕਰਮ ਸਿੰਘ ਅਤੇ ਧਰਮ ਸਿੰਘ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ। ਇਨ੍ਹਾਂ ਸੂਰਬੀਰਾਂ ਦੇ ਜੀਵਨ, ਉਦੇਸ਼ ਅਤੇ ਘਾਲਣਾ ਬਾਰੇ ਭਗਤ ਸਿੰਘ ਦਾ ਲੇਖ 15 ਮਾਰਚ 1926 ਦੇ ਪ੍ਰਤਾਪ ਅਖ਼ਬਾਰ ਵਿਚ ਪ੍ਰਕਾਸ਼ਤ ਹੋਇਆ। ਉਹ ਲਿਖਦਾ ਹੈ ਕਿ ਜਿਸ ਦਿਨ ਇਨ੍ਹਾਂ ਯੋਧਿਆਂ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਅਤੇ ਫਿਰ ਚੁੱਪ ਚਾਪ ਸ਼ਹਿਰ ਦੇ ਸ਼ਮਸ਼ਾਨ ਘਾਟ ਵਿੱਚ ਇਨ੍ਹਾਂ ਦੀ ਅੰਤਮ ਕ੍ਰਿਆ ਕੀਤੀ ਗਈ ਉਸ ਦਿਨ ਪੰਜਾਬ ਦੇ ਲੋਕ ਪੂਰੀ ਬੇਸ਼ਰਮੀ ਨਾਲ ਇੱਕ ਦੂਸਰੇ ਤੇ ਰੰਗ ਸੁੱਟ ਕੇ ਹੋਲੀ ਦੀ ਖੁਸ਼ੀ ਮਨਾ ਰਹੇ ਸਨ। ਇਸ ਤੋਂ ਲੱਗਦਾ ਹੈ ਕਿ ਅਸੀਂ ਭਾਵੇਂ ਭਗਤ ਸਿੰਘ ਨੂੰ ਬਹੁਤਾ ਨਹੀਂ ਜਾਣਦੇ ਪਰ ਉਹ ਸਾਨੂੰ ਚੰਗੀ ਤਰ੍ਹਾਂ ਜਾਣਦਾ ਸੀ।

ਇਹ ਨਤੀਜਾ ਕੱਢਣਾ ਠੀਕ ਨਹੀਂ ਹੋਵੇਗਾ ਕਿ ਭਗਤ ਸਿੰਘ ਨੂੰ ਆਪਣੀ ਵਿਦਵਤਾ ਅਤੇ ਗਿਆਨ ਦਾ ਕੋਈ ਅਫ਼ਰੇਵਾਂ ਸੀ। ਜਾਂ ਉਹ ਆਮ ਲੋਕਾਂ ਤੋਂ ਰੁੱਸਿਆ ਅਤੇ ਟੁੱਟਿਆ ਹੋਇਆ ਸੀ। ਜਾਂ ਇਨਕਲਾਬ ਦੇ ਹਵਾਈ ਕਿਲੇ ਦੀ ਮਿਰਗ ਤ੍ਰਿਸ਼ਨਾ ਲਈ ਲੁਕਿਆ ਜਾਂ ਭੱਜਿਆ ਫਿਰਦਾ ਗੁਰੀਲਾ ਸੀ। ਇਸ ਤੋਂ ਉਲਟ ਉਹ ਜਨ ਸਧਾਰਨ ਦੇ ਦੁੱਖਾਂ ਤਕਲੀਫ਼ਾਂ ਨਾਲ ਅਤੇ ਤੱਤਕਾਲੀ ਲੋਕ ਲਹਿਰਾਂ ਨਾਲ ਗਹਿਰੀ ਤਰ੍ਹਾਂ ਜੁੜਿਆ ਹੋਇਆ ਸੀ। ਗੁਰਦੁਆਰਾ ਸੁਧਾਰ ਲਹਿਰ ਤਹਿਤ 1924 ਵਿਚ ਜੈਤੋ ਦੇ ਮੋਰਚੇ ਦੌਰਾਨ ਜਥੇ ਜੈਤੋ ਨੂੰ ਜਾ ਰਹੇ ਸਨ। ਸਰਕਾਰ ਵਲੋਂ ਪਾਬੰਦੀ ਸੀ ਕਿ ਇਨ੍ਹਾਂ ਜਥਿਆਂ ਨੂੰ ਕੋਈ ਪਾਣੀ ਤੱਕ ਨਾ ਪਿਆਵੇ। ਭਗਤ ਸਿੰਘ ਨੇ ਆਪਣੇ ਪਿੰਡ ਬੰਗੇ ਦੇ ਲੋਕਾਂ ਨੂੰ ਲਾਮਬੰਦ ਕਰਕੇ ਲੰਗਰ ਤਿਆਰ ਕਰਵਾ ਕੇ ਕਮਾਦ ਦੇ ਖੇਤਾਂ ਵਿਚ ਰਖਾਇਆ, ਕਿਉਂਕਿ ਪੁਲਿਸ ਵਲੋਂ ਨਾਕਾਬੰਦੀ ਸੀ। ਤੇਰ੍ਹਵੇਂ ਸ਼ਹੀਦੀ ਜਥੇ ਨੂੰ ਰੋਕ ਕੇ ਲੰਗਰ ਛਕਾਇਆ ਗਿਆ। ਉਸ ਨੇ ਜਥੇ ਨੂੰ ਬਹੁਤ ਪ੍ਰਭਾਵਸ਼ਾਲੀ ਅਤੇ ਜਜ਼ਬਾਤੀ ਲੈਕਚਰ ਵੀ ਦਿਤਾ ਕਿ ਬਹੁਤਿਆਂ ਦੀਆਂ ਅੱਖਾਂ ਭਰ ਆਈਆਂ। ਇਸ ਬਦਲੇ ਉਸਦੇ ਵਾਰੰਟ ਨਿਕਲੇ। ਉਹ ਦੁਬਾਰਾ ਕਾਨਪੁਰ ਚਲਿਆ ਗਿਆ। ਉਥੇ ਗਣੇਸ਼ ਸ਼ੰਕਰ ਵਿਦਿਆਰਥੀ ਦੀ ਸਹਾਇਤਾ ਨਾਲ ਅਲੀਗੜ੍ਹ ਜ਼ਿਲੇ ਦੇ ਪਿੰਡ ਸਾਦੀਪੁਰ ਵਿਚ ਨੈਸ਼ਨਲ ਸਕੂਲ ਦਾ ਮੁੱਖ ਅਧਿਆਪਕ ਲੱਗ ਕੇ ਜੀਅ ਜਾਨ ਨਾਲ ਯੋਗਦਾਨ ਪਾਇਆ। ਜਦ ਕਾਨਪੁਰ ਵਿਚ ਭਿਆਨਕ ਹੜ੍ਹ ਆਇਆ ਤਾਂ ਉਸ ਨੇ ਅੱਗੇ ਲੱਗ ਕੇ ਹੜ੍ਹ ਪੀੜਤਾਂ ਦੀ ਸੇਵਾ ਅਤੇ ਸਹਾਇਤਾ ਕੀਤੀ।

ਰੂਸੀ ਇਨਕਲਾਬੀਆਂ ਦੀ ਜੀਵਨਸ਼ੈਲੀ ਅਤੇ ਕਾਰਜਸ਼ੈਲੀ ਤੋਂ ਉਹ ਬਲਿਹਾਰੇ ਜਾਂਦਾ ਸੀ। ਜਿਸ ਬਾਰੇ ਉਸ ਨੇ ਪ੍ਰਿੰਸ ਕ੍ਰਿਪਾਟਕਿਨ ਦੇ ਹਵਾਲੇ ਨਾਲ ਜੋ ਲਿਖਿਆ ਹੈ ਉਹ ਸਾਡੇ ਦੇਸ਼ ਵਿਚ ਮਜ਼ਦੂਰਾਂ ਅਤੇ ਗਰੀਬ ਲੋਕਾਂ ਦੇ ਸਿਰ 'ਤੇ ਸਿਆਸਤ ਕਰਨ ਵਾਲਿਆਂ ਨੂੰ ਵੀ ਹਲੂਣ ਦੇਣ ਵਾਲਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜੇ ਅੱਜ ਕੱਲ੍ਹ ਵੀ ਝੁੱਗੀਆ-ਝੌਂਪੜੀਆਂ ਦੀ ਗਿਣਤੀ ਵਧ ਰਹੀ ਹੈ ਤਾਂ ਉਸ ਲਈ ਉਨ੍ਹਾਂ ਦੇ ਸਿਰੋਂ ਸਿਆਸੀ ਰੋਟੀਆ ਸੇਕਣ ਵਾਲੇ ਉਨ੍ਹਾਂ ਦੇ ਅਖੌਤੀ ਨੁਮਾਇੰਦੇ ਬਰਾਬਰ ਦੇ ਨਹੀਂ ਸਗੋਂ ਵਧੇਰੇ ਜਿੰਮੇਵਾਰ ਹਨ। ਵੇਰਵਾ ਇਸ ਤਰ੍ਹਾਂ ਹੈ-

**"ਰੂਸੀ ਕਿਸਾਨ ਕਿਸੇ ਵੀ ਸਫੇਦਪੋਸ਼ ਨੂੰ, ਜੋ ਨਾ ਹਲ਼ ਵਾਹੁੰਦਾ ਹੋਵੇ, ਨਾ ਕੋਹਾੜਾ ਚਲਾਉਂਦਾ ਹੋਵੇ, ਜਿਸ ਦੇ ਹੱਥਾਂ ਤੇ ਹਥੌੜਾ ਚਲਾਉਣ ਨਾਲ ਛਾਲੇ ਨਾ ਪਏ ਹੋਣ ਅਤੇ ਜਿਸ ਨੇ ਨਾ ਕਹੀ ਵਾਹੀ ਹੋਵੇ, ਉਸ ਨੂੰ ਆਪਣਾ ਦੁਸ਼ਮਣ ਸਮਝਦੇ ਸਨ। ਪਰ ਇਨਕਲਾਬੀਆਂ ਨੂੰ ਉਨ੍ਹਾਂ ਦੀ ਮੁਹੱਬਤ ਤੇ ਵਿਸ਼ਵਾਸ ਤੇ ਚਾਹੀਦਾ ਸੀ। ਇਸ ਕਰਕੇ ਉਨ੍ਹਾਂ ਦੇ ਨਾਲ ਮਿਹਨਤ ਕਰਨ ਅਤੇ ਉਨ੍ਹਾਂ ਵਾਂਗ ਰਹਿਣ ਦੀ ਲੋੜ ਸੀ। ਅੱਜ ਅਸੀਂ ਹਿੰਦੋਸਤਾਨ ਨੂੰ ਆਜ਼ਾਦ**

**ਕਰਾਉਣ ਦੀਆਂ ਵਧ ਵਧ ਕੇ ਗੱਲਾਂ ਪਏ ਕਰਦੇ ਹਾਂ। ਕਿੰਨੇ ਕੁ ਆਦਮੀ ਇਸ ਤਰ੍ਹਾਂ ਸ਼ਹਿਰਾਂ ਨੂੰ ਛੱਡ ਕੇ ਪਿੰਡਾਂ ਵਾਲਿਆਂ ਵਾਂਗੂੰ ਗੰਦੇ ਮੰਦੇ ਰਹਿਣ ਨੂੰ ਤਿਆਰ ਹੋਣਗੇ? ਪਰ ਓਥੇ ਲੋਕਾਂ ਨੇ ਆਪਣੇ ਕਾਲਜ, ਪਲਟਨਾਂ ਅਤੇ ਕੁਰਸੀਆਂ ਛੱਡ ਦਿੱਤੀਆਂ। ਜੱਟਾਂ ਤੇ ਲੁਹਾਰਾਂ ਵਾਲੇ ਕੰਮ ਸਿੱਖ ਕੇ ਪਿੰਡਾਂ ਨੂੰ ਤੁਰ ਪਏ। ਉਹ! ਕਿੱਡੀ ਵੱਡੀ ਕੁਰਬਾਨੀ ਹੈ!! ਬੜੇ ਬੜੇ ਅਮੀਰ ਖ਼ਾਨਦਾਨਾਂ ਦੀਆਂ ਪਲੀਆਂ ਹੋਈਆਂ ਬੜੀਆਂ ਨਾਜ਼ੁਕ ਲੜਕੀਆਂ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਨ ਵਾਸਤੇ ਟੁਰ ਪਈਆਂ। ਦੂਸਰੇ ਮਜ਼ਦੂਰਾਂ ਵਾਂਗ ਘੁਰਨਿਆਂ ਵਿਚ ਸੌਂਦੀਆਂ, ਸੋਲ੍ਹਾਂ ਸੋਲ੍ਹਾਂ ਘੰਟੇ ਮਸ਼ੀਨ ਤੇ ਕੰਮ ਕਰਦੀਆਂ। ਨੰਗੇ ਪੈਰੀਂ ਦਰਿਆ ਤੋਂ ਘਰਾਂ ਜੋਗਾ ਪਾਣੀ ਲਿਆਉਂਦੀਆਂ। ਬਸ ਇੱਕੋ ਲਗਨ, ਇਕੋ ਧੁਨ ਵਿਚ ਮਸਤ ਸਨ। ਇਨ੍ਹਾਂ ਗਰੀਬਾਂ ਮਜ਼ਦੂਰਾਂ ਨੂੰ ਇਨ੍ਹਾਂ ਦੀ ਭੈੜੀ ਹਾਲਾਤ ਦਾ ਗਿਆਨ ਕਰਾਉਣਾ ਅਤੇ ਉਸ ਦਾ ਇਲਾਜ ਦੱਸਣਾ। ......ਰੂਸੀ ਯੁੱਗਗਰਦੀ ਦੀ ਦਾਦੀ ਕਹਾਉਣ ਵਾਲੀ ਸ਼੍ਰੀਮਤੀ ਕੈਥੇਰਾਈਨ ਬੜੀ ਅਮੀਰ ਤੇ ਖ਼ੂਬਸੂਰਤ ਔਰਤ ਸੀ। ਉਹ ਵੀ ਇਨ੍ਹਾਂ ਵਿਚ ਸ਼ਾਮਲ ਹੋਈ। ....ਅੱਜ ਐਸਾ ਕਰ ਸਕਣ ਦੀ ਹਿੰਮਤ ਕਰ ਸਕਣ ਵਾਲੇ ਕਿੰਨੇ ਕੁ ਆਦਮੀ ਹਿੰਦੋਸਤਾਨ ਵਿਚ ਮੌਜੂਦ ਹਨ?"**

ਭਗਤ ਸਿੰਘ ਦਾ ਇਹ ਸਵਾਲ ਆਜ਼ਾਦੀ ਸੰਗਰਾਮ ਦੇ ਮੋਹਰੀਆਂ ਲਈ ਹੀ ਨਹੀਂ ਸਗੋਂ ਅੱਜ ਕੱਲ੍ਹ ਮਜ਼ਦੂਰਾਂ ਦੇ ਹਰੇਕ 'ਹਮਦਰਦ', ਗਰੀਬਾਂ ਦੇ ਹਰ 'ਮਸੀਹੇ', ਹਰ ਟਰੇਡ ਯੂਨੀਅਨ ਆਗੂ ਅਤੇ ਭਗਤ ਸਿੰਘ ਦੇ ਸੁਪਨਿਆ ਨੂੰ ਸਾਕਾਰ ਕਰਨ ਦੇ ਹਰ 'ਦਾਅਵੇਦਾਰ' ਲਈ ਚੁਣੌਤੀ ਹੈ।

ਉਹ ਜਾਤ ਪਾਤ ਅਧਾਰਿਤ ਸਮਾਜਿਕ ਪ੍ਰਬੰਧ ਦੇ ਬਹੁਤ ਖਿਲਾਫ਼ ਸੀ। ਉਸ ਦੀ ਦਲੀਲ ਸੀ ਕਿ ਜਦ ਤੱਕ ਅਸੀਂ ਕੁਝ ਜਾਤਾਂ ਦੇ ਲੋਕਾਂ ਨੂੰ ਨੀਵੇਂ ਸਮਝਦੇ ਹਾਂ, ਉਨ੍ਹਾਂ ਸਮਾਜਿਕ ਤੌਰ ਤੇ ਪਿਛਾੜ ਕੇ ਰੱਖਦੇ ਹਾਂ ਅਤੇ ਕਈ ਵਾਰੀ ਤਾਂ ਉਨ੍ਹਾਂ ਨਾਲ ਪਸ਼ੂਆਂ ਤੋਂ ਭੈੜਾ ਸਲੂਕ ਕਰਦੇ ਹਾਂ ਤਾਂ ਸਾਨੂੰ ਅੰਗਰੇਜ਼ਾਂ ਤੋਂ ਆਪਣੀ ਬਰਾਬਰੀ ਅਤੇ ਆਜ਼ਾਦੀ ਦੀ ਮੰਗ ਕਰਨ ਦਾ ਕੀ ਨੈਤਿਕ ਅਧਿਕਾਰ ਹੈ?

ਭਗਤ ਸਿੰਘ ਜਜ਼ਬਿਆਂ ਤੋਂ ਕੋਰੀ ਖੁਸ਼ਕ ਸ਼ਖ਼ਸੀਅਤ ਦਾ ਮਾਲਕ ਨਹੀਂ ਸਗੋਂ ਮਾਨਵੀ ਸੰਵੇਦਨਾ ਅਤੇ ਜਜ਼ਬਿਆਂ ਦੀ ਤਰਲਤਾ ਨਾਲ ਗੜੁੱਚ ਸੀ। ਫਾਂਸੀ ਤੋਂ 20 ਦਿਨ ਪਹਿਲਾਂ 3 ਮਾਰਚ 1931 ਨੂੰ ਆਪਣੇ ਭਰਾ ਕੁਲਬੀਰ ਸਿੰਘ ਨੂੰ ਖ਼ਤ ਲਿਖਿਆ–

"ਅਹਿਸਤਾ ਅਹਿਸਤਾ ਮਿਹਨਤ ਨਾਲ ਪੜ੍ਹਦੇ ਜਾਣਾ। ਅਗਰ ਕੋਈ ਕੰਮ ਸਿੱਖੋ ਤਾਂ ਬਿਹਤਰ ਹੋਵੇਗਾ। ਪਰ ਸਭ ਕੁਝ ਪਿਤਾ ਜੀ ਦੀ ਸਲਾਹ ਨਾਲ ਕਰਨਾ। ਜਿਥੋਂ ਤੱਕ ਹੋ ਸਕੇ ਪਿਆਰ ਨਾਲ ਸਾਰੇ ਜਣੇ ਗੁਜ਼ਾਰਾ ਕਰਨਾ। ਇਸ ਤੋਂ ਬਿਨਾਂ ਕੀ ਕਹਾਂ? ਜਾਣਦਾ ਹਾਂ ਕਿ ਅੱਜ ਤੁਹਾਡੇ ਦਿਲ ਵਿੱਚ ਗ਼ਮ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ। ਤੁਹਾਡੀ ਗੱਲ ਸੋਚ ਕੇ ਮੇਰੀਆਂ ਅੱਖਾਂ ਵਿਚ ਹੰਝੂ ਆ ਰਹੇ ਹਨ।"

ਇਸੇ ਤਰ੍ਹਾਂ ਦਾ ਖ਼ਤ ਦੂਸਰੇ ਭਰਾ ਕੁਲਤਾਰ ਸਿੰਘ ਨੂੰ ਲਿਖਿਆ –

**"ਅੱਜ ਤੁਹਾਡੀਆਂ ਅੱਖਾਂ ਵਿਚ ਹੰਝੂ ਦੇਖ ਕੇ ਬਹੁਤ ਦੁੱਖ ਹੋਇਆ। ਅੱਜ ਤੁਹਾਡੀਆਂ ਗੱਲਾਂ ਵਿਚ ਬਹੁਤ ਦਰਦ ਸੀ, ਤੁਹਾਡੇ ਹੰਝੂ ਮੇਰੇ ਤੋਂ ਸਹਿਣ ਨਹੀਂ ਹੁੰਦੇ।"**

ਉਹ ਕਿਸੇ ਹਉਮੈ ਜਾਂ ਪਿੰਡ ਦੇ ਆਸਰੇ ਅਜਿਹੀ ਸ਼ਹੀਦੀ ਦੇ ਮੁਕਾਮ ਦਾ ਭਾਗੀ ਨਹੀਂ ਬਣਿਆ ਸਗੋਂ ਗਹਿਰੀ ਵੇਦਨਾ ਅਤੇ ਕਾਵਿਕ ਊਰਜਾ ਉਸਦੇ ਅੰਗ ਸੰਗ ਸੀ। ਜਦ ਜੇਲ ਵਿਚ ਪੁਰਾਣੇ ਗਦਰੀਆਂ ਦੇ ਸਾਥੀ ਭਾਈ ਰਣਧੀਰ ਸਿੰਘ ਨੇ ਇਹ ਕਹਿ ਕੇ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਕਿ ਭਗਤ ਸਿੰਘ ਦੇ ਕੇਸ ਕੱਟੇ ਹੋਏ ਹਨ ਤਾਂ ਭਗਤ ਸਿੰਘ ਦਾ ਜਵਾਬ ਤਰਕਸ਼ੀਲਤਾ ਨਾਲੋਂ ਵਧੇਰੇ ਲਰਜ਼ਦੀ ਕਾਵਿਕਤਾ ਨਾਲ ਲਬਰੇਜ਼ ਸੀ–

**"ਮੈਂ ਸਿੱਖੀ ਦੀ ਬੰਦ ਬੰਦ ਕਟਵਾਉਣ ਦੀ ਰਵਾਇਤ ਦਾ ਕਾਇਲ ਹਾਂ, ਅਜੇ ਤਾਂ ਮੈਂ ਇਕ ਬੰਦ ਕਟਵਾਇਆ ਹੈ, ਉਹ ਵੀ ਪੇਟ ਲਈ ਨਹੀਂ ਦੇਸ਼ ਲਈ, ਜਲਦੀ ਹੀ ਗਰਦਣ ਵੀ ਕਟਵਾਵਾਂਗਾ।"**

ਜਿਥੇ ਉਸ ਨੂੰ ਇਸ ਗੱਲ ਦਾ ਅਥਾਹ ਹੌਸਲਾ ਸੀ ਕਿ ਉਹ ਹੱਸਦਿਆਂ ਹੱਸਦਿਆਂ ਫਾਂਸੀ ਚੜ੍ਹ ਕੇ ਵਿਲੱਖਣ ਢੰਗ ਨਾਲ ਕਰੋੜਾਂ ਭਾਰਤੀ ਨੌਜਵਾਨਾਂ ਤੱਕ ਇਨਕਲਾਬ ਦੇ ਮਹੱਤਵ ਅਤੇ ਉਦੇਸ਼ ਦਾ ਸੁਨੇਹਾ ਪਹੁੰਚਾ ਕੇ ਉਨ੍ਹਾਂ ਦਾ ਰਾਹ ਰੁਸ਼ਨਾ ਸਕੇਗਾ ਉਥੇ ਉਸ ਨੂੰ ਇਸ ਗੱਲ ਦਾ ਉਦਰੇਵਾਂ ਸੀ–

**"ਦੇਸ਼ ਅਤੇ ਇਨਸਾਨੀਅਤ ਲਈ ਜੋ ਕੁਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿਚ ਸਨ, ਉਨ੍ਹਾਂ ਦਾ ਹਜ਼ਾਰਵਾਂ ਹਿੱਸਾ ਵੀ ਪੂਰਾ ਨਹੀਂ ਕਰ ਸਕਿਆ। ਜੇ ਜਿਉਂਦਾ ਰਹਿ ਸਕਦਾ ਤਾਂ ਸਾਇਦ ਇਨ੍ਹਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਦਾ ਅਤੇ ਮੈਂ ਆਪਣੀਆਂ ਹਸਰਤਾਂ ਪੂਰੀਆਂ ਕਰ ਸਕਦਾ।"**

ਭਗਤ ਸਿੰਘ ਦੇ ਇਸ ਉਦਰੇਵੇਂ ਦਾ ਵੀ ਉਸਦੀ ਬਹਾਦਰੀ ਜਿੰਨਾ ਹੀ ਮਹੱਤਵ ਹੈ। ਸ਼ਾਇਦ ਉਸ ਤੋਂ ਵੀ ਵੱਧ। ਜਿਥੇ ਉਸ ਦੀ ਸ਼ਹੀਦੀ ਇਕ ਰੌਸ਼ਨੀ ਹੈ ਉਥੇ ਉਸਦਾ

ਉਦਰੇਵਾਂ ਇਸ ਰੌਸ਼ਨੀ ਆਸਰੇ ਅੱਗੇ ਤੁਰਨ ਦਾ ਰਸਤਾ ਹੈ। ਉਸ ਦੀਆਂ ਹਸਰਤਾਂ ਨੂੰ ਅਪਣਾਏ ਬਗੈਰ ਅਸੀਂ ਭਗਤ ਸਿੰਘ ਦੇ ਵਾਰਿਸ ਹੋਣ ਦਾ ਹੋਰ ਕਿੰਨਾ ਚਿਰ ਪਾਖੰਡ ਕਰਦੇ ਰਹਾਂਗੇ? ਅਸੈਬਲੀ ਬੰਬ ਕਾਂਡ ਦੇ ਸਾਥੀ ਬੀ. ਕੇ. ਦੱਤ ਨੂੰ ਭਗਤ ਸਿੰਘ ਨੇ ਲਾਹੌਰ ਜੇਲ 'ਚੋਂ ਖ਼ਤ ਲਿਖਿਆ ਸੀ-

**"ਮੈਨੂੰ ਫਾਂਸੀ ਦੀ ਅਤੇ ਤੈਨੂੰ ਉਮਰ ਕੈਦ ਦੀ ਸਜ਼ਾ ਮਿਲੀ ਹੈ। ਤੂੰ ਜਿਉਂਦਾ ਰਹੇਂਗਾ ਅਤੇ ਜਿਉਂਦਾ ਰਹਿ ਕੇ ਦੁਨੀਆਂ ਨੂੰ ਇਹ ਦਿਖਾਉਣਾ ਹੈ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਸਿਰਫ਼ ਮਰ ਹੀ ਨਹੀਂ ਸਕਦੇ ਸਗੋਂ ਜਿਉਂਦੇ ਰਹਿ ਕੇ ਹਰ ਮੁਸੀਬਤ ਦਾ ਮੁਕਾਬਲਾ ਵੀ ਕਰ ਸਕਦੇ ਹਨ। ਮੌਤ ਦੁਨਿਆਵੀ ਔਖਿਆਈਆਂ ਤੋਂ ਛੁਟਕਾਰਾ ਪਾਉਣ ਦਾ ਸਾਧਨ ਨਹੀਂ ਹੋਣੀ ਚਾਹੀਦੀ। "**

ਅਸੀਂ ਭਗਤ ਸਿੰਘ ਦੇ ਵਿਸ਼ਲੇਸ਼ਣੀ ਅਧਿਅਨ, ਸਿਧਾਂਤਕ ਸਮਝ, ਸੰਵੇਦਨਸ਼ੀਲ ਮਨ, ਸਮਾਜਕ ਕਾਰਜਸ਼ੀਲਤਾ, ਇਖਲਾਕੀ ਉੱਚਤਾ ਆਦਿ ਸਭ ਕਾਸੇ ਨੂੰ ਪਾਸੇ ਰੱਖ ਕੇ ਸਿਰਫ਼ ਦੋ ਖੜ੍ਹੀਆਂ ਮੁੱਛਾਂ ਨੂੰ ਹੀ ਭਗਤ ਸਿੰਘ ਜਾਣ ਲਿਆ ਹੈ। ਸਾਂਡਰਸ ਦੇ ਕਤਲ ਤੋਂ ਬਾਅਦ ਲਾਹੌਰ ਤੋਂ ਨਿਕਲ ਕੇ ਕਲਕੱਤੇ ਜਾਣ ਲਈ ਅੰਗਰੇਜ਼ਾਂ ਵਰਗੇ ਬਣਾਏ ਨਕਲੀ ਸਾਹਬੀ ਭੇਸ ਨੂੰ ਹੀ ਅਸੀਂ ਉਸ ਦਾ ਸਥਾਈ ਬਿੰਬ ਬਣਾ ਲਿਆ ਹੈ। ਇਸ ਤਰ੍ਹਾਂ ਅਸੀਂ ਆਪਣੀ ਫੁਕਰਾ ਪੰਥੀ ਨੂੰ ਭਗਤ ਸਿੰਘ ਦੀ ਮਹਾਨਤਾ ਨਾਲ ਜੋੜਨ ਦਾ ਅਚੇਤ ਸੁਚੇਤ ਆਹਰ ਕਰਦੇ ਹਾਂ। ਕਾਲਜ ਦੇ ਦਿਨਾਂ ਵਿਚ ਤਾਂ ਉਹ ਬਹੁਤ ਸੰਗਾਊ ਕਿਸਮ ਦਾ ਅਤੇ ਆਪਣੇ ਵਿਚਾਰਾਂ ਵਿਚ ਗੁੰਮ ਰਹਿਣ ਵਾਲਾ ਮੁੰਡਾ ਸੀ ਹੀ। ਮਗਰੋਂ ਵੀ ਮੁੱਛਾਂ ਖੜ੍ਹੀਆਂ ਕਰਨਾ ਉਸ ਸਮੇਤ ਇਨਕਲਾਬੀਆਂ ਦਾ ਸ਼ੌਕ ਨਹੀਂ ਸੀ। ਮੁਗਲ ਸ਼ੈਲੀ ਵਿਚ ਬਣੇ ਗੁਰੂ ਗੋਬਿੰਦ ਸਿੰਘ ਦੇ ਪੁਰਾਣੇ ਚਿੱਤਰਾਂ ਵਿਚ ਉਨ੍ਹਾਂ ਦੀਆਂ ਮੁੱਛਾਂ ਖੜ੍ਹੀਆਂ ਨਹੀਂ ਦਿਖਾਈਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲੂਆ ਹੋਰਾਂ ਦੀ ਕੈਮਰੇ ਦੀ ਇਕੋ ਇਕ ਤਸਵੀਰ ਕੁਝ ਵਰ੍ਹੇ ਪਹਿਲਾਂ ਨਸ਼ਰ ਹੋਈ ਸੀ। ਉਸ ਵਿਚ ਵੀ ਦੋਹਾਂ ਯੋਧਿਆਂ ਨੇ ਆਪਣੀਆ ਮੁੱਛਾਂ ਨੂੰ ਕੋਈ ਖੇਚਲ ਨਹੀਂ ਸੀ ਦਿੱਤੀ ਹੋਈ। ਬਾਬਾ ਸੋਹਣ ਸਿੰਘ ਭਕਨਾ, ਸ. ਅਜੀਤ ਸਿੰਘ, ਬਾਬਾ ਗੁਰਦਿੱਤ ਸਿੰਘ, ਭਾਈ ਰਣਧੀਰ ਸਿੰਘ ਸਮੇਤ ਸਾਰੇ ਪੁਰਾਣੇ ਦੇਸ਼ ਭਗਤਾਂ ਦੀਆਂ ਤਸਵੀਰਾਂ ਦੇਖੀਏ ਤਾਂ ਸਿਰਫ਼ ਉਨ੍ਹਾਂ ਦੀਆਂ ਮੁੱਛਾਂ ਖੜ੍ਹੀਆਂ ਦਿਸਣਗੀਆਂ ਜੋ ਕਦੇ ਅੰਗਰੇਜ਼ੀ ਫੌਜ ਵਿੱਚ ਰਹੇ ਸਨ। ਅੰਗਰੇਜ਼ੀ ਫੌਜ ਵਿੱਚ ਸਿੱਖਾਂ ਲਈ ਜਾਲੀ ਪਾ ਕੇ ਦਾਹੜੀ ਬੰਨ੍ਹਣਾ ਅਤੇ ਮੁੱਛਾਂ ਖੜ੍ਹੀਆਂ ਰੱਖਣਾ ਫੌਜੀ ਕੰਡਕਟ ਦਾ ਹਿੱਸਾ ਸੀ। ਚਿੱਤਰਕਾਰ ਸੋਭਾ ਸਿੰਘ ਵੀ ਫੌਜ ਵਿੱਚ ਰਹੇ ਸਨ। ਉਨ੍ਹਾਂ ਆਪਣੇ ਅਫ਼ਸਰਾਂ ਦੇ ਰੋਹਬ ਨੂੰ ਖੜ੍ਹੀਆਂ ਮੁੱਛਾਂ ਦੇ ਰੂਪ ਵਿੱਚ ਹੀ ਤੱਕਿਆ ਸੀ। ਨਤੀਜੇ ਵਜੋਂ ਉਨ੍ਹਾਂ ਨੇ ਆਪਣੇ ਚਿੱਤਰਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਗੋਬਿੰਦ ਸਿੰਘ ਆਦਿ ਦੀ ਬੀਰਤਾ ਨੂੰ ਖੜ੍ਹੀਆਂ ਮੁੱਛਾਂ ਦੇ ਰੂਪ ਵਿਚ ਚਿਤਰਨਾ ਸ਼ੁਰੂ ਕੀਤਾ। ਇਨ੍ਹਾਂ ਚਿੱਤਰਾਂ ਨੂੰ ਸਾਡੀ ਬੁੱਤ ਪੂਜਕ ਪ੍ਰਵਿਰਤੀ ਨੇ ਬੜਾ ਸਵੀਕਾਰਿਆ। ਜਦ ਕਿ ਕਿਸੇ ਪੱਖੋਂ ਸ਼ਕਤੀਸ਼ਾਲੀ ਆਦਮੀ ਨੂੰ ਮੁੱਛਾਂ ਖੜ੍ਹੀਆਂ ਕਰਕੇ ਸ਼ਕਤੀ ਪ੍ਰਦਰਸ਼ਨ ਦੀ ਲੋੜ ਨਹੀਂ ਹੁੰਦੀ। ਰਾਜਨੀਤਕਾਂ ਵਿਚ ਮਾਸਟਰ ਤਾਰਾ ਸਿੰਘ, ਸ. ਪ੍ਰਤਾਪ ਸਿੰਘ ਕੈਰੋਂ, ਸ. ਹੁਕਮ ਸਿੰਘ, ਸ. ਸਵਰਨ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨੀ ਜ਼ੈਲ ਸਿੰਘ, ਕਾ. ਹਰਕਿਸ਼ਨ ਸਿੰਘ ਸੁਰਜੀਤ, ਸ. ਬੇਅੰਤ ਸਿੰਘ, ਸ. ਪ੍ਰਕਾਸ਼ ਸਿੰਘ ਬਾਦਲ, ਡਾ. ਮਨਮੋਹਨ ਸਿੰਘ ਅਦਿ ਨੇ ਕਦੇ ਮੁੱਛਾਂ ਤੇ ਜ਼ੋਰ ਨਹੀਂ ਲਾਇਆ। ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਸ. ਨਾਨਕ ਸਿੰਘ ਤੋਂ ਲੈ ਕੇ ਸੁਰਜੀਤ ਪਾਤਰ ਤੱਕ ਚੋਟੀ ਦੇ ਲਿਖਾਰੀਆਂ ਨੂੰ ਆਪਣੀਆਂ ਮੁੱਛਾਂ ਨਾਲ ਅਜਿਹੀ ਬੇਲੋੜੀ ਜ਼ਿਆਦਤੀ ਨਹੀਂ ਕਰਨੀ ਪਈ। ਹੋਰ ਤਾਂ ਹੋਰ ਗਰਮ ਖਿਆਲੀਏ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਵੀ ਅਜਿਹਾ ਕਦੇ ਨਹੀਂ ਕੀਤਾ। ਭਗਤ ਪੂਰਨ ਸਿੰਘ ਵਰਗੇ ਕਰਮਯੋਗੀ ਨੇ ਤਾਂ ਅਜਿਹਾ ਕਰਨਾ ਹੀ ਕੀ ਸੀ। ਕਹਿਣ ਤੋਂ ਭਾਵ ਸ਼ਹੀਦ ਭਗਤ ਸਿੰਘ ਨੂੰ ਖੜ੍ਹੀਆਂ ਮੁੱਛਾਂ ਵਾਲੇ ਨਕਲੀ ਬਿੰਬ ਤੋਂ ਮੁਕਤ ਕਰਾਉਣਾ ਬਹੁਤ ਜ਼ਰੂਰੀ ਹੈ। ਕਿਉਂਕਿ ਇਹ ਨਕਲੀ ਬਿੰਬ ਭਗਤ ਸਿੰਘ ਦੇ ਅਸਲ ਨੂੰ ਜਾਨਣ ਅਤੇ ਸਮਝਣ ਵਿਚ ਵੱਡਾ ਅੜਿੱਕਾ ਪਾਉਂਦਾ ਹੈ। ਕਈ ਚਿੱਤਰਕਾਰਾਂ ਨੇ ਤਾਂ ਉਸ ਦੀਆ ਮੁੱਛਾਂ ਨੂੰ ਲੰਮੀਆਂ ਤੇ ਭਰਵੀਆਂ ਕਰਦਿਆਂ ਉਸ ਦੀ ਉਮਰ ਹੀ ਅਸਲ ਨਾਲੋਂ ਡੂਢੀ ਦੂਣੀ ਕਰ ਛੱਡੀ। ਅੱਜ ਕੱਲ੍ਹ ਭਗਤ ਸਿੰਘ ਦਾ ਜੋ ਪੋਸਟਰ ਬਹੁਤ ਪ੍ਰਚੱਲਤ ਹੈ ਉਸ ਵਿੱਚ ਉਸ ਨੂੰ ਅਸ਼ੋਕ ਚੱਕਰ ਵਾਲਾ ਵੱਡਾ ਸਾਰਾ ਤਿਰੰਗਾ ਝੰਡਾ ਚੁੱਕੀ ਦਰਸਾਇਆ ਹੋਇਆ ਹੈ ਜਦ ਕਿ ਰਾਸ਼ਟਰੀ ਝੰਡੇ ਦਾ ਇਹ ਵਰਤਮਾਨ ਸਰੂਪ ਭਗਤ ਸਿੰਘ ਦੀ ਸ਼ਹੀਦੀ ਤੋਂ ਇੱਕ ਦਹਾਕੇ ਤੋਂ ਵੀ ਵੱਧ ਸਮਾਂ ਮਗਰੋਂ ਹੋਂਦ ਵਿੱਚ ਆਇਆ ਸੀ। ਜਿੰਨੀ ਹੂੜ੍ਹ-ਮੱਤ ਅਤੇ ਗੈਰ-ਜਿੰਮੇਵਾਰੀ ਦਾ ਪ੍ਰਦਰਸ਼ਨ ਇਨ੍ਹਾਂ ਪੋਸਟਰੀ ਚਿੱਤਰ ਬਣਾਉਣ ਵਾਲੇ ਪੰਜਾਬੀ ਚਿਤਰਕਾਰਾਂ ਨੇ ਕੀਤਾ ਸ਼ਾਇਦ ਹੋਰ ਕਿਸੇ ਵਰਗ ਨੇ ਨਹੀਂ ਕੀਤਾ। ਸ਼ਹੀਦ ਭਗਤ ਸਿੰਘ ਦੇ ਅਕਸ ਨੂੰ ਵਿਗਾੜਨ ਦੀ ਰਹਿੰਦੀ ਕਸਰ ਲੱਤਾਂ ਚੌੜੀਆਂ ਕਰਕੇ ਖੜ੍ਹਨ ਅਤੇ ਉਸ ਦੀਆਂ ਵਾਰਾਂ ਗਾਉਣ ਵਾਲੇ ਪੰਜਾਬੀ ਦੇ ਫੁਕਰੇ ਗਾਇਕ ਪੂਰੀ ਕਰ ਰਹੇ ਹਨ।

..................................................

# ਸਹਿਨਸ਼ੀਲਤਾ

**ਮਨਪ੍ਰੀਤ ਕੌਰ**
**ਰਜੌਰੀ ਗਾਰਡਨ, ਨਵੀਂ ਦਿੱਲੀ-110027**
**-8829201405**

ਸਹਿਨਸ਼ੀਲਤਾ ਦਾ ਅਰਥ ਹੈ ਕਿਸੇ ਦੀ ਗੱਲ ਦਾ ਝਟਪਟ ਪ੍ਰਤੀਕਰਮ ਨਾ ਦੇ ਕੇ ਸ਼ਾਂਤ ਬਣੇ ਰਹਿਣਾ। ਜੇਕਰ ਕੋਈ ਸਾਡੇ ਨਾਲ ਵਧੀਕੀ ਕਰਕੇ ਕੋਈ ਗਲਤ ਵਿਵਹਾਰ ਕਰੇ ਤਾਂ ਵੀ ਉਸ ਤੇ ਪ੍ਰਤੀਕਰਮ ਨਾ ਦਰਸਾਂਦੇ ਹੋਏ ਉਸ ਨਾਲ ਬੁਰਾ ਨਾ ਕਰਕੇ ਆਪਣੀ ਚੰਗਿਆਈ ਨੂੰ ਬਰਕਰਾਰ ਕਰੀ ਰੱਖਣਾ ਹੀ ਸਹਿਨਸ਼ੀਲਤਾ ਅਖਵਾਉਂਦਾ ਹੈ।

ਪਰ ਮਨੁੱਖੀ ਸੁਭਾਅ ਹੈ ਕਿ ਜੇਕਰ ਉਸ ਨਾਲ ਕੋਈ ਜ਼ਰਾ ਜਿਹਾ ਵੀ ਬੁਰਾ ਵਿਵਹਾਰ ਕਰੇ ਜਾਂ ਮਾੜਾ ਕਰੇ ਤਾਂ ਉਹ ਜਦ ਤੀਕਰ ਉਸ ਨਾਲ ਮਾੜਾ ਵਿਵਹਾਰ ਕਰਕੇ ਉਸਨੂੰ ਜਵਾਬ ਨਾ ਦੇਵੇ ਤਦ ਤਕ ਉਸਨੂੰ ਸ਼ਾਂਤੀ ਨਹੀਂ ਆਉਂਦੀ। ਕਿਉਂਕਿ ਉਹ ਪੰਜ ਬਿਰਤੀਆਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਤੋਂ ਕਦੀ ਛੁਟਕਾਰਾ ਨਹੀਂ ਪਾ ਸਕਦਾ। "ਕ੍ਰੋਧ" ਮਨੁੱਖੀ ਸੁਭਾਅ ਦੀ ਅਜਿਹੀ ਬਿਰਤੀ ਹੈ ਜੋ ਮਨੁੱਖ ਤੇ ਸਦਾ ਹਾਵੀ ਰਹਿੰਦੀ ਹੈ। ਜੇਕਰ ਅਸੀਂ ਆਪਣੇ ਇਤਿਹਾਸ ਜਾਂ ਪਿਛੋਕੜ ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਸੰਸਾਰ ਦੇ ਵਿੱਚ ਅੱਜ ਤੱਕ ਜੋ ਵੀ ਮਾੜਾ ਵਰਤਾਰਾ ਹੋਇਆ ਹੈ, ਉਸਦੇ ਪਿੱਛੇ ਕ੍ਰੋਧ ਦਾ ਬਹੁਤ ਵੱਡਾ ਹੱਥ ਰਿਹਾ ਹੈ।

ਇੱਕ ਛਿਣ ਵਿੱਚ ਵਰ੍ਹਿਆਂ ਤੋਂ ਬਣੇ ਰਿਸ਼ਤੇ ਤਾਰ-ਤਾਰ ਹੋ ਜਾਂਦੇ ਹਨ। ਬਾਬਾ ਫ਼ਰੀਦ ਜੀ ਦਾ ਬਚਨ ਹੈ-

"ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ।"

ਅਰਥਾਤ ਜੇਕਰ ਮਨੁੱਖ ਨੂੰ ਜ਼ਰਨ ਦੀ ਜਾਂਚ ਆ ਜਾਏ ਤਾਂ ਸੰਸਾਰ ਵਿੱਚ ਹਰ ਪਾਸੇ ਅਮਨ ਤੇ ਸ਼ਾਂਤੀ ਬਹਾਲ ਹੋ ਸਕਦੀ ਹੈ। ਕਈ ਕੀਮਤੀ ਰਿਸ਼ਤੇ ਟੁਟਣ ਤੋਂ ਬੱਚ ਸਕਦੇ ਹਨ। ਪਰ ਸਹਿਨਸ਼ੀਲ ਹੋਣ ਦਾ ਅਰਥ ਇਹ ਨਹੀਂ ਹੁੰਦਾ ਕਿ ਕਿਸੇ ਦੇ ਨਾਜਾਇਜ਼ ਦਬਾਅ ਵਿੱਚ ਆ ਕੇ ਜਾਂ ਭੈਅ ਤੇ ਡਰ ਕਰਕੇ ਜ਼ੁਲਮ ਅਤੇ ਜਬਰ ਦੇ ਖਿਲਾਫ਼ ਨਾ ਬੋਲ ਕੇ ਚੁੱਪ ਰਿਹਾ ਜਾਵੇ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਮਹਾ ਵਾਕ ਹੈ-

ਭੈ ਕਾਹੂ ਕਉ ਦੇਤ ਨਹਿ ਨਹਿ ਭੈਮਾਨਤ ਆਨ॥

ਅਰਥਾਤ ਸਹਿਨਸ਼ੀਲ ਬਣੇ ਰਹਿੰਦੇ ਹੋਏ ਸੱਚ ਦੇ ਹੱਕ ਵਿੱਚ ਆਵਾਜ਼ ਚੁੱਕਣਾ ਵੀ ਆਉਣਾ ਚਾਹੀਦਾ ਹੈ। ਅਸਲ ਵਿੱਚ ਸਾਵੀਂ ਤੇ ਪੱਧਰੀ ਜ਼ਿੰਦਗੀ ਜੀਣ ਲਈ ਮਨੁਖ ਨੂੰ ਕਈ ਵਾਰੀ ਕਿਸੇ ਦੀ ਕਹੀ ਮਾੜੀ ਗੱਲ ਨੂੰ ਵੀ ਜਰਨਾ ਪੈਂਦਾ ਹੈ। ਹਾਲਾਂਕਿ ਕਈ ਵਾਰੀ ਮਨੁੱਖ ਜਾਣਦਾ ਹੈ ਕਿ ਸਾਹਮਣੇ ਵਾਲਾ ਗਲਤ ਗੱਲ ਕਹਿ ਰਿਹਾ ਹੈ ਜਾਂ ਉਸਨੂੰ ਝੂਠਾ ਠਹਿਰਾਉਣ ਤੇ ਬਣਦਾ ਹੈ, ਅਜਿਹੇ ਹਾਲਾਤ ਵਿੱਚ ਕਈ ਵਾਰ ਮਨੁੱਖ ਚੁੱਪ ਧਾਰ ਕੇ ਸਹਿਨ ਕਰ ਜਾਵੇ ਤਾਂ ਉਸਦੀ ਹਾਰ ਕੇ ਵੀ ਜਿੱਤ ਹੋ ਜਾਂਦੀ ਹੈ।

ਸੰਜਮ ਅਤੇ ਸਹਿਨਸ਼ੀਲਤਾ ਧਾਰਣ ਕਰਣ ਵਾਲਾ ਮਨੁੱਖ ਹੀ ਪ੍ਰਮਾਤਮਾ ਨੂੰ ਵੀ ਭਾਉਂਦਾ ਹੈ। ਹਾਲਾਂਕਿ ਸੰਸਾਰ ਵਾਲਿਆਂ ਦੀ ਨਜ਼ਰ ਵਿੱਚ ਸਹਿਨਸ਼ੀਲ ਮਨੁੱਖ ਨੂੰ ਕਾਇਰ ਜਾਂ ਡਰਪੋਕ ਵੀ ਕਹਿ ਦਿੱਤਾ ਜਾਂਦਾ ਹੈ ਪਰ ਸਚ ਦੇ ਮਾਰਗ ਤੇ ਚੱਲਦੇ ਹੋਏ ਸੰਜਮ ਭਰਪੂਰ ਜੀਵਨ ਵਿੱਚ ਕਦੇ ਹਾਰਦਾ ਨਹੀਂ। ਗੁਰਬਾਣੀ ਦਾ ਮਹਾਂ ਵਾਕ ਹੈ-

ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ।

ਸਚ ਦੇ ਮਾਰਗ ਤੇ ਚੱਲਦੇ ਹੋਏ ਸਹਿਨਸ਼ੀਲ ਬਣੇ ਰਹਿਣ ਵਾਲ਼ੇ ਮਨੁੱਖ ਦਾ ਜੀਉਣਾ ਹੀ ਸਾਰਥਕ ਹੈ।

ਜਿਸ ਵਿਅਕਤੀ ਵਿੱਚ ਕਿਸੇ ਦੀ ਕਹੀ ਗੱਲ ਨੂੰ ਸਹਿਨ ਕਰਕੇ ਉਸ ਤੇ ਠੰਡੇ ਦਿਮਾਗ਼ ਨਾਲ ਵਿਚਾਰ ਕਰਨ ਦਾ ਮਾਦਾ ਨਹੀਂ ਜਾਂ ਉਸਦਾ ਤੁਰੰਤ ਪ੍ਰਤੀਕਰਮ ਕਰਨ ਦਾ ਸੁਭਾਅ ਹੈ ਨਿਸਚਿਤ ਹੀ ਉਹ ਜ਼ਿੰਦਗੀ ਵਿੱਚ ਕਦੀ ਵੀ ਸਫਲ ਨਹੀਂ ਹੋ ਸਕਦਾ। ਸਿਆਣੇ ਕਹਿ ਗਏ ਹਨ ਕਿ ਵਿਅਕਤੀ ਸਹਿਜ ਅਵਸਥਾ ਵਿੱਚ ਜੀਣਾ ਸਿੱਖ ਲਏ ਤਾਂ ਉਹ ਲਗਭਗ ਨੱਬੇ ਪ੍ਰਤੀਸ਼ਤ ਕਾਮਯਾਬ ਹੋ ਜਾਂਦਾ ਹੈ। ਸਹਿਨਸ਼ੀਲਤਾ ਹੋਣ ਨਾਲ ਜੀਵਨ ਦਾ ਅਸਲ ਵਿਕਾਸ ਹੁੰਦਾ ਹੈ। ਭਗਤ ਸ਼੍ਰੋਮਣੀ ਕਬੀਰ ਜੀ ਅਤੇ ਬਾਬਾ ਫ਼ਰੀਦ ਜੀ ਦਾ ਸਾਦਗੀ ਭਰਿਆ ਜੀਵਨ ਅਤੇ ਉਨ੍ਹਾਂ ਦੀ ਸੰਜਮ ਭਰਪੂਰ ਜੀਵਨ-ਸ਼ੈਲੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਉਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਏਸੇ ਗੱਲ ਦੇ ਲੇਖੇ ਲਾ ਦਿੱਤਾ ਕਿ ਉਹ ਤੁਰੰਤ ਪ੍ਰਤੀਕਰਮ ਕਦੀ ਨਹੀਂ ਸੀ ਕਰਦੇ। ਬਾਬਾ ਫ਼ਰੀਦ ਜੀ ਦਾ ਸਲੋਕ ਹੈਃ

ਜੋ ਤੈ ਮਾਰਨਿ ਮੁਕੀਆਂ ਤਿੰਨਾ ਨਾ ਮਾਰੇ ਘੁੰਮਿ
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ

ਸਹਿਨਸ਼ੀਲ ਹੋਣ ਲਈ ਅਭਿਆਸ ਅਤੇ ਸੰਸਕਾਰੀ ਹੋਣ ਦੀ ਲੋੜ ਹੈ। ਇਹ ਕੋਈ ਅਸਾਨ ਖੇਡ ਨਹੀਂ ਇਸ ਪਿੱਛੇ ਬੜੇ ਸਾਰੇ ਤੱਤ ਕਾਰਜਸ਼ੀਲ ਹੁੰਦੇ ਹਨ।

# ਦੇਸ਼ ਵੰਡ ਸਮੇਂ ਉੱਜੜੇ ਪੰਜਾਬੀਆਂ ਦੀ ਵੱਡੀ ਧਿਰ ਬਣੇ
# ਡਾ. ਮਹਿੰਦਰ ਸਿੰਘ ਰੰਧਾਵਾ

**ਪੇਸ਼ਕਸ਼ਃ ਗੁਰਭਜਨ ਗਿੱਲ**

ਉਨ੍ਹਾਂ ਦਾ ਜੱਦੀ ਪਿੰਡ ਭਾਵੇਂ ਬੋਦਲ (ਹੁਸ਼ਿਆਰਪੁਰ) ਨੇੜੇ ਗਰਨਾ ਸਾਹਿਬ ਸੀ ਪਰ ਡਾ. ਮਹਿੰਦਰ ਸਿੰਘ ਰੰਧਾਵਾ ਦਾ ਜਨਮ 2 ਫਰਵਰੀ 1909 ਨੂੰ ਜ਼ੀਰਾ(ਫ਼ੀਰੋਜ਼ਪੁਰ) ਵਿੱਚ ਮਾਤਾ ਬੇਚਿੰਤ ਕੌਰ ਦੀ ਕੁੱਖੋਂ ਹੋਇਆ। ਜ਼ੀਰਾ ਵਿੱਚ ਉਨ੍ਹਾਂ ਦੇ ਪਿਤਾ ਜੀ ਸ. ਸ਼ੇਰ ਸਿੰਘ ਤਹਿਸੀਲਦਾਰ ਸਨ। ਡਾ. ਰੰਧਾਵਾ ਦਾ ਪ੍ਰਚਲਿਤ ਨਾਂ  ਮ ਸ ਰੰਧਾਵਾ ਸੀ। ਉਹ ਪੰਜਾਬੀ ਸਿਵਲ ਅਧਿਕਾਰੀ, ਬਨਸਪਤੀ ਵਿਗਿਆਨੀ ਅਤੇ ਵਿਰਾਸਤ ਸੰਗ੍ਰਹਿ ਕਰਤਾ ਤੇ ਸਾਹਿਤ ਸਿਰਜਕ ਸਨ। ਉਹਨਾਂ ਨੇ ਦੇਸ਼ ਦੀ ਵੰਡ ਸਮੇਂ ਉੱਜੜੇ ਪੰਜਾਬੀਆਂ ਨੂੰ ਦੇ ਮੁੜ ਵਸੇਬੇ, ਚੰਡੀਗੜ੍ਹ ਦੀ ਸਥਾਪਨਾ ਅਤੇ ਭਾਰਤ ਦੇ ਹਰੇ ਇਨਕਲਾਬ ਅਤੇ ਪੰਜਾਬ ਦੀਆਂ ਕਲਾਵਾਂ ਦੇ ਦਸਤਾਵੇਜ਼ੀਕਰਨ ਵਿੱਚ ਅਹਿਮ ਭੂਮਿਕਾ ਅਦਾ ਕੀਤੀ। ਆਪ ਨੇ ਖਾਲਸਾ ਹਾਈ ਸਕੂਲ ਮੁਕਤਸਰ ਤੋਂ ਦਸਵੀਂ ਪਾਸ ਕੀਤੀ। ਪੰਜਾਬ ਯੂਨੀਵਰਸਿਟੀ, ਲਹੌਰ ਵਿੱਚੋਂ ਪੁਜੀਸ਼ਨ ਹਾਸਲ ਕਰਨ ਕਰਕੇ ਆਪ ਦਾ ਨਾਮ ਮੈਰਿਟ ਬੋਰਡ ਤੇ ਅਜੇ ਵੀ ਲਿਖਿਆ ਬੋਲਦਾ ਹੈ। ਨਾਰੰਗਵਾਲ (ਲੁਧਿਆਣਾ) ਦੇ ਜੰਮਪਲ ਡਾ. ਹਰਭਜਨ ਸਿੰਘ ਗੋਜਰੇ ਵਾਲੇ (ਅੱਖਾਂ ਦੇ ਪ੍ਰਸਿੱਧ ਡਾਕਟਰ) ਦੀ ਬੇਟੀ ਇਕਬਾਲ ਕੌਰ ਰੰਧਾਵਾ ਆਪ ਦੀ ਜੀਵਨ ਸਾਥਣ ਬਣੇ। ਡਾ. ਰੰਧਾਵਾ ਨੇ 1924 ਵਿੱਚ ਉਹਨਾਂ ਖ਼ਾਲਸਾ ਹਾਈ ਸਕੂਲ, ਮੁਕਤਸਰ ਤੋਂ ਦਸਵੀਂ ਜਮਾਤ ਪਾਸ ਕੀਤੀ, ਇਸ ਤੋਂ ਬਾਅਦ ਉਹਨਾਂ 1930 ਵਿੱਚ ਲਾਹੌਰ ਤੋਂ ਐਮ. ਐਸ. ਸੀ ਬਾਟਨੀ ਅਤੇ 1955 ਵਿੱਚ ਪੰਜਾਬ ਯੂਨੀਵਰਸਿਟੀ ਸੋਲਨ (ਪੰਜਾਬ) ਤੋਂ ਡੀ. ਐਸ ਸੀ ਦੀ ਡਿਗਰੀ ਪ੍ਰਾਪਤ ਕੀਤੀ। ਉਹਨਾਂ ਨੂੰ ਬਨਸਪਤੀ ਵਿਗਿਆਨ ਵਿੱਚ ਮੁਹਾਰਤ ਪ੍ਰਾਪਤ ਸੀ। ਉਹਨਾਂ ਨੂੰ ਪੰਜਾਬ ਯੂਨੀਵਰਸਿਟੀ ਨੇ ਪੀ ਐਚ ਡੀ ਦੀ ਡਿਗਰੀ ਪਰਦਾਨ ਕੀਤੀ।

1934 ਵਿੱਚ ਉਹਨਾਂ ਆਈ. ਸੀ. ਐਸ. ਦੀ ਪ੍ਰੀਖਿਆ ਪਾਸ ਕੀਤੀ। ਸਭ ਤੋਂ ਪਹਿਲਾਂ ਉਹਨਾਂ ਨੂੰ ਸਹਾਰਨਪੁਰ ਵਿੱਚ ਸਹਾਇਕ ਮੈਜਿਸਟਰੇਟ ਨਿਯੁਕਤ ਕੀਤਾ ਗਿਆ। 1936-38 ਵਿੱਚ ਉਹ ਫੈਜ਼ਾਬਾਦ ਵਿੱਚ ਮੈਜਿਸਟਰੇਟ ਬਣੇ ਅਤੇ 1938 ਵਿੱਚ ਅਲਮੋੜਾ ਅਤੇ 1939-40 ਵਿੱਚ ਅਲਾਹਾਬਾਦ ਦੇ ਐਡੀਸ਼ਨਲ ਜ਼ਿਲ੍ਹਾ ਮੈਜਿਸਟਰੇਟ ਨਿਯੁਕਤ ਹੋਏ। 1940-41 ਵਿੱਚ ਉਹ ਆਗਰਾ ਦੇ ਜ਼ਿਲ੍ਹਾ ਮੈਜਿਸਟਰੇਟ ਅਤੇ 1942-45 ਵਿੱਚ ਰਾਏ ਬਰੇਲੀ ਦੇ ਡਿਪਟੀ ਕਮਿਸ਼ਨਰ ਬਣੇ। 1945 ਵਿੱਚ ਉਹਨਾਂ ਸੰਯੁਕਤ ਰਾਸ਼ਟਰ ਦੀ ਕੈਨੇਡਾ ਵਿੱਚ ਹੋ ਰਹੀ 'ਫੂਡ ਤੇ ਖੇਤੀ ਸੰਸਥਾ' ਦੇ ਭਾਰਤੀ ਡੈਲੀਗੇਸ਼ਨ ਦੇ ਸਕੱਤਰ ਵਜੋਂ ਸ਼ਮੂਲੀਅਤ ਕੀਤੀ। 1945-46 ਵਿੱਚ ਉਹ 'ਭਾਰਤੀ ਖੇਤੀ ਖੋਜ ਸੰਸਥਾ ਨਵੀਂ ਦਿੱਲੀ' ਦੇ ਸਕੱਤਰ ਬਣੇ। 1946-48 ਦੇ ਫਸਾਦਾਂ ਵਾਲੇ ਸਮੇਂ ਦੌਰਾਨ ਉਹ ਦਿੱਲੀ ਦੇ ਡਿਪਟੀ ਕਮਿਸ਼ਨਰ ਸਨ। ਉਹ ਯੋਗ ਕੁਸ਼ਲ ਪ੍ਰਬੰਧਕ ਸਨ।

1948-49 ਵਿੱਚ ਉਹਨਾਂ ਨੂੰ ਜ਼ਿਲ੍ਹਾ ਅੰਬਾਲਾ ਵਿਖੇ ਡੀ. ਸੀ. ਲਗਾਇਆ ਗਿਆ। 1949-51 ਵਿੱਚ ਉਹ ਪੰਜਾਬ ਦੇ ਪੁਨਰਵਾਸ ਵਿਭਾਗ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਬਣੇ। ਉਹਨਾਂ 4 ਲੱਖ ਤੋਂ ਵੱਧ ਪੰਜਾਬੀਆਂ ਨੂੰ ਆਪਣੀਆਂ ਛੱਡੀਆਂ ਹੋਈਆਂ ਉਪਜਾਊ ਜ਼ਮੀਨਾਂ ਬਦਲੇ ਜ਼ਮੀਨਾਂ ਦੀ ਵੰਡ ਇਸ ਨਿਰਪੱਖਤਾ ਨਾਲ ਕੀਤੀ ਕਿ ਬਹੁਤ ਘੱਟ ਲੋਕਾਂ ਨੂੰ ਸ਼ਿਕਾਇਤ ਕਰਨ ਦਾ ਮੌਕਾ ਮਿਲਿਆ। ਉਹ 1951-53 ਵਿੱਚ ਅੰਬਾਲਾ ਮੰਡਲ ਦੇ ਕਮਿਸ਼ਨਰ ਬਣੇ। 1953-55 ਵਿੱਚ ਉਹ 'ਵਿਕਾਸ ਤੇ ਪੁਨਰਵਾਸ ਵਿਭਾਗ ਦੇ ਕਮਿਸ਼ਨਰ ਨਿਯੁਕਤ ਹੋਏ। 1955 ਵਿੱਚ ਉਹ ਭਾਰਤੀ ਖੇਤੀ ਮੰਤਰਾਲੇ ਦੀ ਕੌਂਸਲ ਦੇ ਐਡੀਸ਼ਨਲ ਸਕੱਤਰ ਵੀ ਰਹੇ। ਪੰਜਾਬ ਵਿੱਚ ਕਮਿਊਨਿਟੀ ਵਿਕਾਸ ਯੋਜਨਾ ਦੇ ਸ਼ੁਰੂ ਹੋਣ ਮਗਰੋਂ ਕਈ ਸਾਲ ਉਹ ਇਸ ਵਿਭਾਗ ਦੇ ਵਿਕਾਸ ਕਮਿਸ਼ਨਰ ਰਹੇ। ਉਹਨਾਂ ਨੂੰ 'ਭਾਰਤ ਦੀ ਹਰੀ ਕ੍ਰਾਂਤੀ' ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਉਹ ਤਿੰਨ ਸਾਲ ਚੰਡੀਗੜ੍ਹ ਦੇ ਕਮਿਸ਼ਨਰ ਰਹੇ। ਉਹਨਾਂ ਦੀ ਪਾਰਖੂ ਨਜ਼ਰ ਨੇ ਚੰਡੀਗੜ੍ਹ ਨੂੰ 'ਗੁਲਾਬਾਂ ਦਾ ਸ਼ਹਿਰ' ਬਣਾ ਦਿੱਤਾ। ਚੰਡੀਗੜ੍ਹ ਪੰਜਾਬੀ ਕਲਾ, ਨਾਚ, ਸੰਗੀਤ ਅਤੇ ਕਵਿਤਾ ਦੀਆਂ ਧੁਨੀਆਂ ਨਾਲ ਗੂੰਜਣ ਲੱਗਿਆ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਉਹ 1970 ਤੋਂ 1986 ਤੀਕ ਪ੍ਰਧਾਨ ਰਹੇ। ਉਨ੍ਹਾਂ ਨਾਲ 1984 ਤੋਂ 1986 ਤੀਕ ਤਿੰਨ ਸਾਲ ਇਸ ਅਕਾਡਮੀ ਵਿੱਚ ਉਨ੍ਹਾਂ ਦੀ ਪ੍ਰਧਾਨਗੀ ਹੇਠ ਕਾਰਜਕਾਰਨੀ ਮੈਂਬਰ ਵਜੋਂ ਕੰਮ ਕਰਨ ਦਾ ਮੈਨੂੰ ਵੀ ਮੌਕਾ ਮਿਲਿਆ। ਰਿਟਾਇਰ ਹੋ ਕੇ ਉਹ ਤਿੰਨ ਸਾਲ ਲਈ 'ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ' ਦੇ ਉਪ ਕੁਲਪਤੀ ਵੀ ਰਹੇ। ਉਹਨਾਂ ਦੇ ਸਮੇਂ ਯੂਨੀਵਰਸਿਟੀ ਖੋਜ ਅਤੇ ਸਿੱਖਿਆ ਦਾ ਸਰਵੋਤਮ ਕੇਂਦਰ ਬਣੀ। ਯੂਨੀਵਰਸਿਟੀ ਦੀ ਲਾਇਬਰੇਰੀ ਦਾ ਨਾਮ ਆਪ ਜੀ ਦੇ ਨਾਮ

ਤੇ ਰੱਖਿਆ ਗਿਆ ਹੈ। 14 ਜਨਵਰੀ 1976 ਨੂੰ ਉਹ ਉਪ ਕੁਲਪਤੀ ਵਜੋਂ ਸੇਵਾਮੁਕਤ ਹੋਏ। ਡਾ. ਮਹਿੰਦਰ ਸਿੰਘ ਰੰਧਾਵਾ ਪ੍ਰਸ਼ਾਸਕੀ ਕਾਰਜਾਂ ਤੋਂ ਇਲਾਵਾ ਸਾਹਿਤ ਅਤੇ ਕਲਾ ਦੇ ਪ੍ਰੇਮੀ, ਇੱਕ ਉੱਘੇ ਵਿਗਿਆਨੀ, ਸੁੰਦਰਤਾ ਦੇ ਪਾਰਖ਼ੂ ਤੇ ਬਾਗ਼ਬਾਨੀ ਦੇ ਮਾਹਰ ਵੀ ਸਨ। ਉਹ ਸਾਹਿਤਕਾਰਾਂ ਅਤੇ ਕਲਾਕਾਰਾਂ ਦੇ ਸਰਪ੍ਰਸਤ ਵੀ ਸਨ। ਦੇਸ਼ ਦੀ ਵੰਡ ਦੌਰਾਨ ਉੱਜੜੇ ਪੰਜਾਬੀਆਂ ਦੇ ਪੁਨਰਵਾਸ, ਚੰਡੀਗੜ ਸ਼ਹਿਰ ਦੀ ਸਥਾਪਨਾ ਅਤੇ ਪੰਜਾਬ ਦੀਆਂ ਕਲਾਵਾਂ ਦੇ ਦਸਤਾਵੇਜੀਕਰਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ। ਇਹ ਉਹਨਾਂ ਦੀ ਦ੍ਰਿੜ੍ਹਤਾ ਅਤੇ ਨਿਰਪੱਖਤਾ ਕਾਰਨ ਹੀ ਸੀ ਕਿ ਦੰਗਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਨੂੰ ਕਾਬੂ ਕਰ ਲਿਆ ਗਿਆ। ਇਸ ਤੋਂ ਬਾਅਦ ਉਹਨਾਂ ਆਪਣਾ ਘਰ ਖਰੜ ਵਿੱਚ 8 ਏਕੜੀ ਭੂਮੀ ਵਾਲੇ ਫਾਰਮ ਵਿੱਚ ਬਣਾਇਆ। ਡਾ. ਰੰਧਾਵਾ ਵਰਗੇ ਦੂਰਅੰਦੇਸ਼ੀ ਤੇ ਤੁਰੰਤ ਫ਼ੈਸਲਾ ਕਰਨ ਵਾਲੇ ਅਧਿਕਾਰੀ ਸਦਕਾ ਹੀ ਪਾਕਿਸਤਾਨ ਵਿੱਚੋਂ ਉਜੜ ਕੇ ਆਏ ਸ਼ਰਨਾਰਥੀਆਂ ਦੇ ਮੁੜ ਵਸੇਬੇ ਦੀ ਜ਼ਿੰਮੇਵਾਰੀ ਸੰਭਾਲੀ ਤੇ ਕੇਵਲ ਤਿੰਨ ਸਾਲਾਂ ਵਿੱਚ ਇਨ੍ਹਾਂ ਉੱਜੜੇ ਪਰਿਵਾਰਾਂ ਦਾ ਵਸੇਬਾ ਹੋ ਗਿਆ। ਉਹਨਾਂ ਨੂੰ ਜ਼ਮੀਨ ਤੇ ਘਰ ਦੇ ਦਿੱਤੇ ਗਏ। ਖਾਲੀ ਹੱਥ ਆਏ ਸ਼ਰਨਾਰਥੀਆਂ ਨੂੰ ਸਰਕਾਰ ਨੇ ਬਲਦ, ਬੀਜ, ਖੇਤੀ ਸੰਦ ਖਰੀਦਣ ਤੇ ਖੂਹ ਲਗਵਾਉਣ ਲਈ ਕਰਜ਼ੇ ਦਿੱਤੇ ਅਤੇ ਹੋਰ ਰਿਆਇਤਾਂ ਦਿੱਤੀਆਂ ਗਈਆਂ। ਡਾ. ਐੱਮ. ਐੱਸ. ਰੰਧਾਵਾ ਬਾਰੇ ਸ਼ਿਵ ਕੁਮਾਰ ਦੀ ਇਹ ਕਮਾਲ ਦੀ ਕਵਿਤਾ ਤੁਸੀਂ ਵੀ ਪੜ੍ਹੋ।


**ਇੱਕ ਚਿਹਰਾ**

ਉਹ ਜਦ ਮਿਲਦਾ ਮੁਸਕਾਂਦਾ
ਤੇ ਗੱਲਾਂ ਕਰਦਾ ਹੈ
ਸਾਦ ਮੁਰਾਦਾ ਆਸ਼ਕ ਚਿਹਰਾ
ਝਮ ਝਮ ਕਰਦਾ ਹੈ
ਨਿਰਮਲ ਚੋਅ ਦੇ ਜਲ ਵਿਚ
ਪਹੁ ਦਾ ਸੂਰਜ ਤਰਦਾ ਹੈ
ਕੁਹਰਾਈਆਂ ਅੱਖੀਆਂ ਵਿਚ
ਘਿਉ ਦਾ ਦੀਵਾ ਬਲਦਾ ਹੈ
ਲੋਕ ਗੀਤ ਦਾ ਬੋਲ
ਦੰਦਾਸੀ ਅੱਗ ਵਿਚ ਸੜਦਾ ਹੈ
ਝਿੜੀਆਂ ਦੇ ਵਿਚ ਕਾਲਾ ਬੱਦਲ
ਛਮ ਛਮ ਵਰ੍ਹਦਾ ਹੈ
ਬੂਰੀਂ ਆਏ ਅੰਬਾਂ ਤੇ
ਪੁਰਵਈਆ ਵਗਦਾ ਹੈ
ਕਾਲੇ ਰੜੀਂ ਪਹਾੜੀਂ
ਹਾੜ੍ਹ ਫੰਬਾ ਤਰਦਾ ਹੈ
ਪੀਰ ਫ਼ਕੀਰ ਕੋਈ ਸਾਈਂ ਬੈਠਾ
ਦੋਹੜੇ ਪੜ੍ਹਦਾ ਹੈ
ਤਕੀਏ ਉੱਗਿਆ ਥੋਹਰ ਦਾ ਬੂਟਾ
ਚੁੱਪ ਤੋਂ ਡਰਦਾ ਹੈ
ਵਣਜਾਰੇ ਦੀ ਅੱਗ ਦਾ ਧੂੰਆਂ
ਥੇਹ ਤੇ ਤਰਦਾ ਹੈ
ਮੜ੍ਹੀਆਂ ਵਾਲਾ ਮੰਦਰ
ਰਾਤੀਂ ਗੱਲਾਂ ਕਰਦਾ ਹੈ।

ਇੱਕ ਵਿਗਿਆਨੀ ਹੋਣ ਕਾਰਨ ਉਹਨਾਂ ਨੂੰ ਬੂਟਿਆਂ ਨਾਲ ਪਿਆਰ ਸੀ ਅਤੇ ਉਹਨਾਂ ਕਾਈ ਤੇ ਉੱਲੀ ਉੱਤੇ ਖੋਜ ਵੀ ਕੀਤੀ। ਪਿੰਡਾਂ ਵਿੱਚ ਫਿਰਦਿਆਂ ਡਾ. ਰੰਧਾਵਾ ਨੇ ਮਹਿਸੂਸ ਕੀਤਾ ਕਿ ਕਿਸਾਨਾਂ ਦੀ ਮਾਲਕੀ ਜ਼ਮੀਨ ਕਈ ਟੁਕੜਿਆਂ ਵਿੱਚ ਵੰਡੀ ਹੋਈ ਹੈ। ਉਹਨਾਂ ਨੇ ਮੁਰੱਬੇਬੰਦੀ ਕਰਨ ਦਾ ਫ਼ੈਸਲਾ ਕੀਤਾ। ਇਸ ਨਾਲ ਜਿੱਥੇ ਕਿਸਾਨਾਂ ਦੀ ਜ਼ਮੀਨ ਇੱਕ ਥਾਂ ਇਕੱਠੀ ਹੋ ਗਈ, ਉੱਥੇ ਸੜਕਾਂ ਵੀ ਸਿੱਧੀਆਂ ਬਣ ਗਈਆਂ। ਪਗਡੰਡੀਆਂ ਤੇ ਰਾਹਾਂ ਹੇਠ ਆਈ ਜ਼ਮੀਨ ਵੀ ਮੁਕਤ ਹੋਈ। ਇੰਜ ਵਾਹੀ ਹੇਠ ਰਕਬੇ ਵਿੱਚ ਵਾਧਾ ਹੋਇਆ ਤੇ ਕਿਸਾਨਾਂ ਨੂੰ ਇੱਕ ਥਾਂ ਖੂਹ ਲਗਵਾਉਣਾ ਸੌਖਾ ਹੋ ਗਿਆ। ਰੰਧਾਵਾ ਸਾਹਿਬ ਨੇ ਖੂਹ ਜਾਂ ਟਿਊਬਵੈੱਲ ਲਾਉਣ ਲਈ ਸਰਕਾਰ ਵੱਲੋਂ ਕਰਜ਼ੇ ਦਾ ਪ੍ਰਬੰਧ ਕਰਵਾਇਆ। ਜਦੋਂ ਡਾ. ਰੰਧਾਵਾ ਨੇ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਇੱਕ ਗਾਰਡਨ ਕਲੋਨੀ ਬਣਾਈ। ਇੱਕ ਅਜਿਹਾ ਪਿੰਡ ਚੁਣਿਆ ਗਿਆ ਜਿੱਥੇ ਸਾਰੇ ਹੀ ਸ਼ਰਨਾਰਥੀ ਸਨ ਤੇ ਉਹਨਾਂ ਨੂੰ ਕੁਝ ਰਕਬੇ ਵਿੱਚ ਬਾਗ਼ ਲਗਾਉਣਾ ਜ਼ਰੂਰੀ ਕੀਤਾ ਗਿਆ। ਖੇਤੀਬਾੜੀ ਵਿਭਾਗ ਨੇ ਕਿਸਾਨਾਂ ਨੂੰ ਫਲਦਾਰ ਬੂਟੇ ਤੇ ਤਕਨੀਕੀ ਜਾਣਕਾਰੀ ਦਿੱਤੀ। ਭਾਵੇਂ ਬਹੁਤੇ ਬਗੀਚੇ ਪੁੱਟੇ ਜਾ ਚੁੱਕੇ ਹਨ ਪਰ ਇਨ੍ਹਾਂ ਖੇਤਾਂ ਵਿੱਚ ਸਬਜ਼ੀਆਂ ਵਿਸ਼ੇਸ਼ ਕਰਕੇ ਆਲੂਆਂ ਦੀ ਕਾਸ਼ਤ ਸ਼ੁਰੂ ਹੋ ਗਈ ਹੈ। ਇੰਜ ਪੰਜਾਬ ਵਿੱਚ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦਾ ਸਿਹਰਾ ਵੀ ਉਹਨਾਂ ਦੇ ਸਿਰ ਹੀ ਬੱਝਦਾ ਹੈ। ਪੰਜਾਬ ਦੀਆਂ ਸੜਕਾਂ ਉੱਤੇ ਲੱਗੇ ਫੁੱਲਦਾਰ ਰੁੱਖ ਅਤੇ ਝਾੜੀਆਂ ਡਾ. ਰੰਧਾਵਾ ਦੀ ਸੋਚ ਦਾ ਹੀ ਨਤੀਜਾ ਹਨ। ਭਾਰਤ ਵਿੱਚ ਹਰੇ ਇਨਕਲਾਬ ਦੀ ਆਮਦ ਉਹਨਾਂ ਦੀ ਦੇਖ-ਰੇਖ ਵਿੱਚ ਹੋਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਵਿੱਚ ਉਹਨਾਂ ਦਾ ਅਹਿਮ ਯੋਗਦਾਨ ਰਿਹਾ। ਆਪਣੀ ਸੇਵਾਮੁਕਤੀ ਪਿੱਛੋਂ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਦੂਜੇ ਵਾਈਸ ਚਾਂਸਲਰ ਬਣੇ।

.....................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਹਾਜ਼ਰ ਵਿਅਕਤੀ ਪੁਰ ਸਕੂਨ, ਸ਼ਰਧਾ ਸੰਜੁਗਤ ਸ਼ੋਭਾ ਪਾ ਰਹੇ ਸਨ।

4 ਵਜੇ ਅਜੇ ਸਲੋਕਾਂ ਦਾ ਉਚਾਰਨ ਹੋ ਹੀ ਰਿਹਾ ਸੀ ਕਿ ਬੀਬੀ ਜੀ ਦੇ ਸਹਿਯੋਗ ਨਾਲ ਉੱਠਕੇ ਬੀਬੀ ਗੁਰਸ਼ਰਨ ਕੌਰ ਜੀ ਸੁਪਤਨੀ ਠਾਕੁਰ ਸ਼ਮਸ਼ੇਰ ਸਿੰਘ ਹੱਥ ਵਿੱਚ ਭੇਟਾ ਦੇ ਬਸਤਰ ਲੈ, ਇੱਕ ਥਾਨ ਕੱਪੜੇ ਦਾ ਸ਼੍ਰੀ ਵਿਸ਼ੇਸ਼ਰ ਸਿੰਘ ਜੀ, ਠਾਕੁਰ ਜੀ ਦੀਆਂ ਪੁੱਤਰੀਆਂ ਜਸਮੀਤ ਅਤੇ ਹਰਮੀਤ ਬਸਤਰ, ਬਰਤਨ, ਬਿਸਤਰ, ਮਾਇਆ ਆਦਿ ਲੈ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ। ਠਾਕਰ ਜੀ ਦੀ ਅਰਧਾਂਗਣੀ ਦੀ ਕਾਇਆਂ ਅਤੀ ਕਮਜ਼ੋਰ ਸੀ।

ਭੋਗ ਦੀ ਸਮਾਪਤੀ ਦੀ ਅਰਦਾਸ ਸੰਤ ਮਹਿੰਦਰ ਸਿੰਘ ਪੂਰਬਾ ਰਾਹੀਂ ਸੰਪੰਨ ਹੋਈ। ਉਪ੍ਰੰਤ ਏਸੇ ਪੰਡਾਲ ਵਿੱਚ ਪੰਗਤਾਂ ਲੱਗ ਗਈਆਂ, ਜਿੱਥੇ ਲੰਗਰ ਦੇ ਨਾਲ ਹੀ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਸੰਗਤ ਨੂੰ ਵਰਤੇ। ਸ੍ਰੀ ਸਤਿਗੁਰੂ ਜੀ 4.15 ਤੱਕ ਅਗਲੇ ਪ੍ਰੋਗਰਾਮਾਂ ਲਈ ਵਿਹਲੇ ਹੋ ਗਏ।

ਕੱਲ੍ਹ ਸਵੇਰੇ ਆਸਾ ਦੀ ਵਾਰ ਸਾਹਿਬਪੁਰੇ ਨਾਮਧਾਰੀ ਧਰਮਸਾਲਾ ਦਾ ਐਲਾਨ ਕੀਤਾ ਗਿਆ।

**ਫਰੰਟ ਲਾਈਨ –** ਮਾਰਚ 7-20, 1987 ਦੇ "ਫਰੰਟ ਲਾਈਨ' ਮੈਗਜ਼ੀਨ ਦੇ ਪੇਜ਼ 98 ਤੇ ਫੋਬਸ ਕਾਲਮ ਹੇਠ 'ਭਓਚਕਨਿਗ ਭਓਰਨਓਲਓ' ਸਿਰਲੇਖ ਨਾਲ ਲੌਂਗੋਵਾਲ ਕਨਵੈਕਸ਼ਨ ਤੇ ਇੱਕ ਲੇਖ ਛਪਿਆ ਹੈ। ਜਿਸ ਵਿੱਚ 99ਵੇਂ ਸਫੇ ਤੇ ਨਾਮਧਾਰੀ ਸਿੰਘਾਂ ਦੀ ਇੱਕ ਫੋਟੋ ਵੀ ਪ੍ਰਕਾਸ਼ਤ ਕੀਤੀ ਗਈ ਹੈ। ਇਸ ਤੇ ਲੱਗੀ ਕੈਪਸ਼ਨ ਦਾ ਪੰਜਾਬੀ ਅਨੁਵਾਦ ਹੈ : ਪਟਨਾ ਸਾਹਿਬ ਦਾ ਜਥੇਦਾਰ ਅਤੇ ਇੱਕ ਨਾਮਧਾਰੀ ਸਿੱਖਾਂ ਦਾ ਗਰੁੱਪ ਸੰਸਾਰ ਸਿੱਖ ਕਨਵੈਕਸ਼ਨ ਵਿੱਚ, ਬਰਨਾਲਾ ਦੀ ਲੀਡਰਸ਼ਿਪ ਵਿੱਚ ਵਿਸ਼ਵਾਸ ਪੁਖਤਾ ਕਰਦਿਆਂ।

**9 ਮਾਰਚ 1987, ਸੋਮਵਾਰ**

**ਨਵੀਂ ਦਿੱਲੀ**

**ਸਾਹਿਬਪੁਰੇ –** ਦਿੱਤੇ ਹੋਏ ਪ੍ਰੋਗਰਾਮ ਅਨੁਸਾਰ, ਆਸਾ ਦੀ ਵਾਰ ਦਾ ਕੀਰਤਨ, ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸਾਹਿਬਪੁਰਾ (ਤਿਲਕ ਨਗਰ) ਦੀ ਨਾਮਧਾਰੀ ਧਰਮਸਾਲਾ ਵਿਖੇ ਹੋਇਆ, ਜਿਸ ਵਿੱਚ ਦੂਰ ਨੇੜੇ ਦੇ ਸਾਰੇ ਇਲਾਕਿਆਂ ਦੀ ਨਾਮਧਾਰੀ ਸੰਗਤ ਨੇ ਭਾਗ ਲਿਆ। ਦੀਵਾਨ ਦੀ ਅਰਦਾਸ ਉਪਰੰਤ ਸਾਹਿਬਪੁਰੇ ਅਤੇ ਨੇੜੇ ਦੀਆਂ ਕਾਲੋਨੀਆਂ ਦੇ ਨਾਮਧਾਰੀਆਂ ਦੇ ਘਰ, ਪਰਵਾਨ ਕੀਤੀਆਂ ਗਈਆਂ ਅਰਜ਼ਾਂ ਅਨੁਸਾਰ, ਚਰਨਾਂ ਦੀ ਬਖਸ਼ਿਸ਼ ਕਰ ਪਾਵਨ ਪਵਿਤ ਕੀਤੇ।

**ਕੋਠੀ ਪੂਸਾ ਰੋਡ –** ਮੈਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ 10.30 ਵਜੇ ਕੋਠੀ ਪੂਸਾ ਰੋਡ ਜਾ ਕੀਤੇ। ਮੇਰੇ ਜਾਂਦਿਆਂ ਤੱਕ ਆਪ ਜੀ ਨੇ ਪ੍ਰਸ਼ਾਦ ਪਾਣੀ ਛਕ ਲਿਆ ਹੋਇਆ ਸੀ। ਇਸ ਵੇਲੇ ਆਪ ਜੀ ਦਿੱਲੀ ਅਤੇ ਜੀਵਨ ਨਗਰ ਇਲਾਕੇ ਦੀਆਂ ਕੈਬਨਿਟਾਂ ਤੇ ਕੁਛ ਹੋਰ ਵਿਅਕਤੀਆਂ ਨਾਲ ਖਲੋਤੇ ਬਚਨ ਕਰ ਰਹੇ ਸਨ ਨਾਲ ਹੀ ਠਾਕਰ ਉਦੇ ਸਿੰਘ ਜੀ ਨੂੰ ਵੀ ਬੈਠਣ ਕਮਰੇ ਵਿੱਚ ਬੁਲਾ ਲਿਆ ਗਿਆ। ਸੰਤ ਦਲੀਪ ਸਿੰਘ ਪ੍ਰਧਾਨ ਸ. ਹਿੰ. ਵਿ. ਜਥਾ ਅਤੇ ਲੁਧਿਆਣੇ ਦਾ ਸੁਰਿੰਦਰ ਸਿੰਘ ਵੀ ਅੰਦਰ ਚਲੇ ਗਏ।

ਇਹ ਵੀ ਪਤਾ ਲੱਗਾ ਹੈ ਕਿ 5 ਕੁ ਦਿਨ ਦਾ ਸ. ਸ਼ੇਰ ਸਿੰਘ ਚਾਵਲਾ ਪਰਿਵਾਰ ਸਮੇਤ ਅਮਰੀਕਾ ਚਲਾ ਗਿਆ ਹੈ। ਕਾਰੋਬਾਰ ਦਾ ਜੁਗਾੜ ਅਮਰੀਕਾ ਬਣਾਵਾਗੇ। ਧਰਮ ਸਿੰਘ ਚਾਵਲਾ ਪਰਿਵਾਰ ਸਮੇਤ 10 ਦਿਨ ਤੋਂ ਬੈਂਕੋਕ ਵਿਖੇ ਹੈ। ਇਹ ਓਥੇ ਬਿਜ਼ਨੈਸ ਸੈੱਟ ਕਰੇਗਾ। ਅੱਜ ਕੱਲ੍ਹ ਕੋਠੀ ਦਾ ਇੰਚਾਰਜ਼ ਚੋਟਾ ਚਾਵਲਾ ਅਰਥਾਤ ਸੰਤੋਖ ਸਿੰਘ ਲਾਲ ਜੀ ਹੈ।

**ਬੇਨਤੀ ਮੇਰੀ –** ਇੱਕ ਮੌਕੇ ਥੋੜ੍ਹੀ ਜਿਹੀ ਇਕਾਂਤ ਲੈ ਕੇ ਮੈਂ ਸ੍ਰੀ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੇਰੇ ਮਕਾਨ ਵਾਸਤੇ ਰਕਮ ਦੇਣ ਵੱਲ ਧਿਆਨ ਦੇਣ ਦੀ ਕਿਰਪਾ ਕੀਤੀ ਜਾਵੇ। ਸਤਿਗੁਰੂ ਜੀ ਬਚਨ ਕੀਤਾ : ਮੈਨੂੰ ਚੇਤੇ ਹੈ, ਹੋਲੇ ਤੋਂ ਪਿੱਛੋਂ ਰਕਮ ਦਿਆਂਗੇ। ਮੈਂ ਫੇਰ ਅਰਜ਼ ਕੀਤੀ : ਹੰਸਪਾਲ ਜੀ ਨੂੰ ਕਿਹਾ ਜਾਇ ਕਿ ਜੋ ਰਕਮ (20,000/-) ਆਪ ਜੀ ਦੀ ਭੇਜੀ ਹੋਈ, ਉਹਨਾਂ ਮੇਰੇ ਤੋਂ ਦੋ ਮਹੀਨੇ ਮਾਂਗਵੀ ਕਰਕੇ ਸਕੂਲ ਵਿੱਚ ਵਰਤੀ ਸੀ, ਉਹ ਤਾਂ ਮੈਨੂੰ ਪਰਤਾ ਦੇਣ। ਸੁਣਿਐਂ ਸਕੂਲ ਪਾਸ ਰਿਹਾਇਸ਼ੀ ਪਲਾਟਾਂ ਦੀ ਰਕਮ ਆ ਗਈ ਹੈ।

**ਖਵਕੇ –** ਸ੍ਰੀ ਸਤਿਗੁਰੂ ਜੀ ਵਲੋਂ ਆਉਂਦਿਆਂ, ਜਦੋਂ ਕਿ ਆਪ ਜੀ ਬਿਰਾਜਣ ਲਈ ਤਿਆਰ ਸਨ, ਕਿਸੇ ਗੱਲੋਂ ਹੰਸਪਾਲ ਜੀ ਤੇ ਨਿਜੀ ਸਕੱਤਰ ਦੀ ਬੇਸੁਆਦੀ ਹੋ ਗਈ।

ਗੁਰੂ ਕਾ ਵੈਦ – ਗੁਰੂ ਕਾ ਵੈਦ ਗੁਰਦੇਵ ਸਿੰਘ ਕੱਲ੍ਹ ਦਾ ਬਨਾਰਸੋਂ ਆ, ਫਿਰ ਭੈਣੀ ਸਾਹਿਬ ਜਾ ਅੱਜ ਮੁੜ ਦਰਸ਼ਨ ਪ੍ਰੇਰਤ ਦਿੱਲੀ ਪੁੱਜਾ। ਉਸਨੇ ਕੁਝ ਕਿਲੋ ਬਨਾਰਸੀ ਅਉਲੇ ਸ੍ਰੀ ਸਤਿਗੁਰੂ ਜੀ ਵਾਸਤੇ ਲਿਆਂਦੇ ਸਨ। ਸ੍ਰੀ ਸਤਿਗੁਰੂ ਜੀ ਨੇ ਆਉਲਿਆਂ ਨੂੰ ਵੇਖ 1000/- ਪੂਰਬਾ ਤੋਂ ਵੈਦ ਨੂੰ ਦਿਲਵਾਇਆ ਅਤੇ ਆਗਿਆ ਕੀਤੀ ਕਿ ਚਈਵਨ ਪ੍ਰਾਸ਼ ਦਾ ਨੁਸਖਾ ਖਰੀਦ ਕੇ ਲੈ ਆਓ ਅਤੇ ਤਾਜ਼ਾ ਆਉਲਿਆਂ ਨਾਲ ਚਈਵਨ ਪ੍ਰਾਸ਼ ਬਣਾਓ। ਸੰਭਵ ਹੈ ਵੈਦਰਾਜ ਹੋਲੇ ਤੋਂ ਪਹਿਲੋਂ ਪਹਿਲੋਂ ਹੀ ਇਹ ਨੁਸਖਾ ਤਿਆਰ ਕਰ ਲਵੇ।

**ਉਸਤਾਦ ਜੀ ਕੋਠੀ ਵਿੱਚ –** ਪਤਾ ਲੱਗਾ ਸੀ ਕਿ ਬੀਤੀ ਰਾਤ ਸਰੋਦ ਸਮਰਾਟ ਅਮਜਦ ਅਲੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨ ਪਰਸਨ ਕੋਠੀ ਪੂਸਾ ਰੋਡ ਆਏ ਸਨ। ਏਥੇ ਇਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਬੈਠ ਨਾਮਧਾਰੀ ਕਲਾਕਾਰਾਂ ਦੀਆਂ ਸਾਰੀਆਂ ਪਰਤਾਂ ਨੂੰ ਸੁਣਿਆ। ਇਸ ਅਵਸਰ ਤੇ ਸ੍ਰੀ ਸਤਿਗੁਰੂ ਜੀ ਅਤੇ ਉਸਤਾਦ ਸਰੋਦ ਜੀ ਵਲੋਂ ਕਿਸੇ ਐਸੀ ਸੰਗੀਤ ਕਾਨਫਰੰਸ ਦੀ ਵਿਉਂਤ ਸੋਚੀ ਗਈ ਜਿਸ ਵਿੱਚ ਸਮੂਜਕ ਕਾਰਜ ਕਰਮ ਹੋਵੇ ਹੀ ਨਾਮਧਾਰੀ ਕਲਾਕਾਰਾਂ ਦਾ।

ਸ੍ਰੀ ਸਤਿਗੁਰੂ ਜੀ ਨੂੰ ਆਪਣੀ ਮਿਹਨਤ ਅਤੇ ਆਪਣੇ ਬੱਚਿਆਂ ਦੀ ਕਲਾ ਕੁਸ਼ਲਤਾ ਤੇ ਮਾਣ ਹੈ। ਇੰਜ ਵੀ ਪ੍ਰਤੀਤ ਹੋਇਆ ਜਿਵੇਂ ਆਪ ਜੀ ਬੱਚਿਆਂ ਨੂੰ ਆਪਣੀ ਕਮਾਈ ਦੇ ਯੋਗ ਬਣਾਣ ਲਈ ਵੀ ਰੇਡੀਓ, ਟੀ. ਵੀ. ਅਤੇ ਦੂਜੇ ਪ੍ਰੋਗਰਾਮਾਂ ਲਈ ਕੁਛ ਢਿਲਾਈ ਦੇਣਾ ਚਾਹੁੰਦੇ ਹੋਣ।

**ਪਿੰਕੀ ਨੂੰ ਫੋਨ –** ਸ਼ਾਮੀ ਸਾਧ ਸੰਗਤ ਦਾ ਭਰਪੂਰ ਇਕੱਠ ਰਮੇਸ਼ ਨਗਰ, ਨਾਮਧਾਰੀ ਧਰਮਸਾਲਾ ਵਿੱਚ ਸੀ। 4.45 ਤੇ ਗੁਰੂ ਕੀ ਹਜ਼ੂਰੀ ਵਿੱਚ ਸਾਰੀ ਸੰਗਤ ਨੇ ਨਾਮ ਸਿਮਰਨ ਕੀਤਾ। ਰਾਗੀਆਂ ਦੇ ਕੀਰਤਨ ਸਮੇਂ ਦੂਜੇ ਸ਼ਬਦ ਦੇ ਆਰੰਭ ਵਿੱਚ 6.10 ਤੇ ਗੁਜਰਾਤ ਦੇ ਸ਼ਹਿਰ ਅਹਿਮਦਾਬਾਦ ਨਾਲ ਫੋਨ ਸੰਪਰਕ ਕਰਕੇ ਕੋਈ ਜਣਾ ਸ੍ਰੀ ਸਤਿਗੁਰੂ ਜੀ ਨੂੰ ਸ. ਬਲਦੇਵ ਸਿੰਘ ਇੱਕ ਨੰਬਰ ਦੇ ਘਰ ਵਾਸਤੇ ਉਠਾ ਲਿਆਇਆ। ਮੈਂ ਵੀ ਨਾਲ ਆਉਣ ਦੀ ਢੀਠਤਾ ਕਰ ਲਈ। ਏਥੇ ਆ ਫੋਨ ਤੇ ਜੋ ਬਚਨ ਸਤਿਗੁਰੂ ਜੀ ਵਲੋਂ ਹੋਏ, ਉਹ ਲਿਖਦਾ ਹਾਂ :

ਪਿੰਕੀ (ਸੁਖਵਿੰਦਰ ਸਿੰਘ ਤਬਲਾ ਵਾਦਕ) ! ਤੂੰ ਖਾਂ ਸਾਹਿਬ ਨੂੰ ਕਿਉਂ ਨਹੀਂ ਮਿਲ ਕੇ ਗਿਆ?

...... ...... ...... .......

ਤੂੰ ਮੇਰੇ ਏਥੇ (ਦਿੱਲੀ) ਆਉਣ ਤੇ ਦੂਰ ਕਿਉਂ ਚਲਾ ਜਾਂਦਾ ਹੈਂ?

...... ...... ...... .......

ਤੂੰ ਫਲਾਂ ਦਾ ਟੋਕਰਾ ਲੈ ਕੇ ਉਨ੍ਹਾਂ (ਉਸਤਾਦ ਅਮਜਦ ਅਲੀ) ਪਾਸ ਜਾਣਾ ਸੀ, ਫੇਰ ਤੂੰ ਗਿਆ ਹੀ ਨਹੀਂ !

...... ...... (ਜਿਵੇਂ ਪਿੰਕੀ ਕਿਹਾ ਹੋਵੇ ਗੱਲ ਸੁਣਦੀ ਨਹੀਂ)

ਅਜੇ ਤੇਰੇ ਕੰਨ ਬਣੇ ਨਹੀਂ, ਸੁਣਨ ਵਾਲੇ।

...... ...... ...... .......

ਰਾਜਨ ਜੀ ! (ਫੋਨ ਮਿਸ਼ਰਾ ਬੰਧੂਆਂ ਲੈ ਲਿਆ) 21 ਮਾਰਚ ਕੋ ਕਮਾਨੀ ਹਾਲ ਮੇਂ ਹਮਾਰੇ ਬੱਚੋਂ ਕਾ ਪ੍ਰੋਗਰਾਮ ਹੈ।

ਆਪ ਤੋ ਆ ਜਾਤੇ ਹੈਂ ਕਹਿਨਾ ਮਾਨ ਕਰ, ਪਿੰਕੀ ਕਹਿਨੇ ਸੇ ਭੀ ਨਹੀਂ ਆਤਾ।

...... ...... ...... .......

ਹਾਫ਼ਜ਼ ਅਲੀ ਸੁਸਾਇਟ ਕੀ ਤਰਫ ਸੇ ਯੇਹ ਕਾਨਫਰੰਸ ਹੋਗੀ। ਮੋਹਣ ਸੁਖਦੇਵ ਕਾ ਪ੍ਰੋਗਰਾਮ ਪੌਣੇ ਘੰਟੇ ਕਾ ਹੋਗਾ।

...... ...... ...... .......

ਪਹਿਲੇ ਗੁਰਦੇਵ ਕੀ ਸਰੋਦ ਫਿਰ ਮੋਹਨ ਔਰ ਸੁਖਦੇਵ ਔਰ ਅੰਤ ਮੇਂ ਬਲਜੀਤ ਕਾ ਸਾਜ਼ ਹੋਗਾ।

...... ...... ...... .......

ਕਲ ਅਮਜਦ ਅਲੀ ਕੋਠੀ ਆਏ ਥੇ, ਉਨ੍ਹੋ ਨੇ ਮੋਹਨ-ਸੁਖਦੇਵ ਕੋ ਸੁਨਾ ਥਾ।

...... ...... ...... .......

21 ਮਾਰਚ ਕੋ 10 ਬਜੇ ਸੇ 1.30 ਤੱਕ ਪ੍ਰੋਗਰਾਮ ਹੈ। ਕੌਨ ਸਾ ਰਾਗ ਗਾਏਂ?

...... ...... ...... .......

ਹਮ ਭੈਣੀ ਸਾਹਿਬ ਅਪਨੇ ਸਾਥ ਲੇ ਜਾਏਂਗੇ।

...... ...... ...... .......

ਠੀਕ ਹੈ, ਜੌਨਪੁਰੀ !

...... ...... ...... .......

ਰਾਜਨ ! ਅਸ਼ੀਸ਼ ਖਾਂ (ਉਸਤਾਦ ਅਲੀ ਅਕਬਰ ਦਾ ਲੜਕਾ) ਕੇ ਸਾਥ ਪ੍ਰੋਗਰਾਮ ਕੀ ਬਾਤ ਕਰ ਰਹੇ ਹੈਂ।.... ਆਏਂਗੇ ਤੋ ਆਪ ਕੋ ਬਤਲਾਏਂਗੇ।

...... ...... ...... .......

ਹੋਲੇ ਮੇਂ ਅਗਰ ਆਪ ਕੇ ਆਨੇ ਕਾ ਪ੍ਰੋਗਰਾਮ ਬਨੇ ਤੋ ਬਹੁਤ ਅੱਛਾ ਰਹੇ !

...... ...... ...... .......

ਪਿੰਕੀ ਨੂੰ ਪੱਕੀ ਕਰਨਾ ਆਨੇ ਕੇ ਵਾਸਤੇ, 15 ਕੋ ਜ਼ਰੂਰ ਆ ਜਾਏ।

**ਬਲਦੇਵ ਪਰਿਵਾਰ –** ਦਰਮਿਆਨੇ ਜਿਹੇ ਕਮਰੇ ਵਿੱਚ ਫੋਨ ਸੀ। ਬਹੁਤ ਨੇੜੇ ਦੇ ਸਿੰਘ ਅੰਦਰ ਬਾਹਰ ਖੜ੍ਹੇ ਸਨ। 10 ਮਿੰਟ ਫੋਨ ਕਰਦਿਆਂ ਹੋ ਗਏ ਸਨ ਕਿ ਬਲਦੇਵ ਸੁਪਤਨੀ ਬੀਬੀ ਸਤਨਾਮ ਆਪਣੀਆਂ ਤਿੰਨਾਂ ਪੁੱਤਰੀਆਂ ਅਤੇ ਮਾਤਾਵਾਂ ਨਾਲ ਉੱਪਰ ਆ ਗਈ ਜਿੱਥੇ ਵਿਛੇ ਪਲੰਘ ਤੇ ਸਤਿਗੁਰੂ ਜੀ ਸਸ਼ੋਭਤ ਸਨ। ਬੀਬੀ ਨੇ ਕੱਜੀ ਹੋਈ ਥਾਲੀ ਵਿੱਚ ਪਤਾਸੇ ਅਤੇ ਮਾਇਆ ਮੱਥਾ ਟੇਕੀ। ਸਤਿਨਾਮ ਨੂੰ ਪੁੱਤਰ ਇੱਛਾ ਨੇ ਵਿਆਕੁਲ ਕੀਤਾ ਹੋਇਆ ਹੈ। ਇਸ ਦੇ ਪਿਤਾ ਸੰਤ ਤੇਜਾ ਸਿੰਘ ਕੰਵਲ ਗਿਆਨੀ ਪੁਰਸ਼ ਹਨ ਅਤੇ ਸਦਾ ਹੀ ਰਮੇਸ਼ ਨਗਰ ਧਰਮਸਾਲਾ ਦੇ ਕਾਰਜ ਕਰਮਾਂ ਵਿੱਚ ਦਿਲਚਸਪੀ ਲੈਂਦੇ ਹਨ। ਬੱਚਿਆਂ ਬੱਚੀਆਂ ਨੂੰ ਕਵਿਤਾਵਾਂ ਬਣਾ ਕੇ ਦਿੰਦੇ ਹਨ। ਇਹਨਾਂ ਦੀ ਪੁੱਤਰੀ ਅਤੇ ਦੁਹਤੀਆਂ ਸੰਗੀਤ ਵਿੱਚ ਭਰਪੂਰ ਰੁਚੀ ਲੈਂਦੀਆਂ ਹਨ।

ਬਲਦੇਵ ਸਿੰਘ ਨੂੰ ਆਗਿਆ ਹੋਈ ਕਿ ਕਲਕੱਤੇ ਦਾ ਨੰਬਰ ਮਿਲਾਏ। ਬੀਬੀ ਜਸਮੀਤ ਨਾਲ ਫੋਨ ਤੇ ਬਚਨ ਕਰਕੇ ਉਸਤਾਦ ਇਮਰਤ ਖਾਂ ਕੇ ਘਰ ਸੁਨੇਹਾ ਭੇਜਣਾ ਹੈ। ਪਰ ਦੋ ਚਾਰ ਕੋਸ਼ਿਸ਼ਾਂ ਫੇਲ ਹੋ ਗਈਆਂ, ਨੰਬਰ ਨਹੀਂ ਮਿਲਿਆ।

ਏਥੇ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਮਾਣ ਦਿੱਤਾ। ਆਖਿਆ : ਬਹੁਤ ਸਾਰੀਆਂ ਗੱਲਾਂ ਕਰਨ ਵਾਲੀਆਂ ਹਨ। ਪਰ ਤੁਹਾਡੇ ਨਾਲ ਬੈਠਣ ਦਾ ਸਮਾਂ ਹੀ ਨਹੀਂ ਮਿਲ ਰਿਹਾ।

ਮੈਂ ਉੱਤਰ ਵਿੱਚ ਕਿਹਾ : ਅੰਦਰੋਂ ਹੀ ਗੱਲਾਂ ਹੋ ਰਹੀਆਂ ਹਨ। ਮੈਂ ਤਾਂ ਮਨ ਵਿੱਚ ਹੀ ਆਪ ਜੀ ਨਾਲ ਕਈ ਗੱਲਾਂ ਕਰ ਲੈਂਦਾ ਹਾਂ।

ਸਤਿਗੁਰੂ ਜੀ ਮੁਸਕਰਾਏ : ਮਨ ਹੀ ਨਾਲ ਝਗੜਾ ਮਨ ਹੀ ਨਾਲ ਸਥ.......

ਅਤੇ ਅਸੀਂ ਸਾਰੇ ਹੀ ਸ੍ਰੀ ਸਤਿਗੁਰੂ ਜੀ ਨਾਲ ਜਿੰਨੇ ਕੁ ਸਰੀਰ ਇਸ ਘਰ ਸਾਂ, ਵਾਪਸ ਦੀਵਾਨ ਸਥਾਨ ਚਲੇ ਗਏ। ਸ਼ਬਦ ਦੀ ਸਮਾਪਤੀ ਤੇ ਪੂਰਬਾ ਨੇ ਅਰਦਾਸ ਕਰ ਦਿੱਤੀ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ 'ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਆਪਾਂ ਆਪਣੇ ਸਿਰ ਦਾ ਲਿਹਾਜ ਨਹੀਂ ਕੀਤਾ।

"ਜੇ ਸਿਰ ਦਿਤਿਆਂ ਸਹੁ ਮਿਲੈ ਤਉ ਭੀ ਸਸਤਾ ਜਾਣ।"

ਜੇ ਮੇਰੀ ਧੂਅ ਘਸੀਟ ਕੀਤੀ, ਮੈਨੂੰ ਕੋਠੇ ਵਿਚ ਬੰਦ ਕਰ ਦਿਤਾ, ਜਾਂ ਮੈਨੂੰ ਪੰਥ ਵਿਚੋਂ ਕੱਢ ਦਿੱਤਾ ਗਿਆ ਹੈ ਤਾਂ ਮੇਰਾ ਕੁਝ ਵਿਗੜ ਤਾਂ ਨਹੀਂ ਗਿਆ। ਉਹ ਸਿਰ ਦਿਤਿਆਂ ਮਿਲਦਾ ਹੈ, ਮੈਨੂੰ ਚਾਰ ਧੱਕਿਆਂ ਨਾਲ ਹੀ ਮਿਲ ਗਿਆ।" ਗੱਲ ਆਈ ਗਈ ਹੋ ਗਈ।

ਸੰਤ ਲਾਲ ਸਿੰਘ ਭੂਰੇ ਗਿੱਲ ਵਾਲਿਆਂ ਪੁੱਛਿਆ, "ਸਤਿਗੁਰੂ ਰਾਮ ਸਿੰਘ ਜੀ ਗੱਦੀ ਕਿਹਨੂੰ ਦੇ ਗਏ ਸਨ ਓ ਜਿਊਣ ਸਿੰਘਾ!

"ਸਤਿਗੁਰੂ ਹਰੀ ਸਿੰਘ ਨੂੰ।" ਸੰਤਾਂ ਉਤਰ ਦਿਤਾ।

"ਗੁਰੂ ਹਰੀ ਸਿੰਘ ਜੀ ਦੀ ਗੱਦੀ 'ਤੇ ਹੁਣ ਕੌਣ ਬਰਾਜਮਾਨ ਏਂ ? ਗੁਰੂ ਪ੍ਰਤਾਪ ਸਿੰਘ ਜੀ।" ਸੰਤਾਂ ਆਖਿਆ।

ਸੰਤ ਲਾਲ ਸਿੰਘ ਹੋਰਾਂ ਬਚਨ ਹੋਰ ਅੱਗੇ ਤੋਰਦਿਆਂ ਕਿਹਾ, "ਜਦੋਂ ਸਤਿਗੁਰੂ ਰਾਮ ਸਿੰਘ ਜੀ ਕਾਹਨੇ ਵਾਲੇ ਜਮੀਅਤ ਸਿੰਘ ਪਾਸ ਗਏ ਸਨ ਤਾਂ ਜਮੀਅਤ ਸਿੰਘ ਹੋਰਾਂ ਭਜਨ ਲੈਣ ਦੀ ਬੇਨਤੀ ਕੀਤੀ ਸੀ। ਸਤਿਗੁਰਾਂ ਨੇ ਕਿਹਾ ਸੀ ਕਿ ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਵਾਲੀ ਸਿੱਖੀ ਦੇ ਢਾਈ ਸਿੱਖ ਲੱਭੇ ਹਨ ਸਾਰੇ ਪੰਜਾਬ ਵਿਚੋਂ। ਤੁਸੀਂ ਉਹਨਾਂ ਵਿਚੋਂ ਇਕ ਹੋ ਅਤੇ ਆਪ ਭਜਨ ਦਾ ਹੀ ਰੂਪ ਹੋ। ਬਾਬੇ ਜਮੀਅਤ ਸਿੰਘ ਹੋਰਾਂ ਨੇ ਦੋਬਾਰਾ ਬੇਨਤੀ ਕੀਤੀ ਸੀ ਕਿ ਤੁਸੀਂ ਮੌਕੇ ਦੇ ਅਫ਼ਸਰ ਹੋ ਅਤੇ ਮੌਕੇ ਦੇ ਅਫ਼ਸਰ ਤੋਂ ਵੀ ਮੁਹਰ ਛਾਪ ਲੁਆਉਣੀ ਪੈਂਦੀ ਹੈ। ਟਾਲੋ ਨਾ ਕਿਰਪਾ ਕਰੋ। ਫਿਰ ਉਹਨਾਂ ਨੂੰ ਭਜਨ ਦੀ ਦਾਤ ਬਖ਼ਸ਼ੀ ਗਈ ਸੀ। ਢਾਈ ਸਿੱਖ ਇਉਂ ਸਨ, ਜਮੀਅਤ ਸਿੰਘ ਕਾਹਨੇ ਵਾਲਾ ਤੇ ਲਹਿਣਾ ਸਿੰਘ ਘਰਜਾਖੀਆ ਦੋਏ ਪੂਰੇ ਅਤੇ ਅੱਧੇ ਬਾਬਾ ਜਮੀਅਤ ਸਿੰਘ ਗਿੱਲਾਂ ਵਾਲੇ। ਜਿਹੜੇ ਲਹਿਣਾ ਸਿੰਘ ਅਤੇ ਜਮੀਅਤ ਸਿੰਘ ਹੋਰੀਂ ਸਨ ਇਹ ਕਛਹਿਰੇ ਦੀ ਮਰਯਾਦਾ ਦੇ ਪਾਬੰਦ ਨਹੀਂ ਸਨ। ਮੁਹਾਵੇ ਵਾਲਾ ਕੇਸਰ ਸਿੰਘ ਵੀ ਕਛਹਿਰੇ ਤੋਂ ਕਈ ਵੇਰ ਆਜ਼ਾਦ ਹੋ ਜਾਂਦਾ ਸੀ। ਜਮੀਅਤ ਸਿੰਘ ਗਿੱਲਾਂ ਵਾਲਾ ਵਿਆਜ ਲੈ ਲੈਂਦਾ ਸੀ ਜਿਸ ਕਰਕੇ ਅੱਧਾ ਸਿਖ ਰਹਿ ਗਿਆ ਸੀ। ਸੰਤਾਂ ਲਾਲ ਸਿੰਘ ਹੋਰਾਂ ਨੇ ਜਿਊਣ ਸਿੰਘ ਜੀ ਨੂੰ ਆਖਿਆ।

"ਜੇ ਉਹ (ਸਤਿਗੁਰੂ ਪ੍ਰਤਾਪ ਸਿੰਘ) ਗੁਰੂ ਹਰੀ ਸਿੰਘ ਦੀ ਗੱਦੀ ਤੇ ਹਨ ਤਾਂ ਮੌਕੇ ਦੇ ਅਫ਼ਸਰ ਹਨ। ਜਿਵੇਂ ਤੁਹਾਡੀ ਸ਼ਰਧਾ ਜ਼ਿਆਦਾ ਸਤਿਗੁਰੂ ਰਾਮ ਸਿੰਘ ਜੀ ਦੇ ਸਰੂਪ 'ਤੇ ਹੈ ਤਿਵੇਂ ਮੇਰੀ ਸ਼ਰਧਾ ਜ਼ਿਆਦਾ ਗੁਰੂ ਹਰੀ ਸਿੰਘ ਜੀ 'ਤੇ ਸੀ। ਪਰ ਮੌਕੇ ਦੇ ਅਫ਼ਸਰ ਅੱਗੇ ਵੀ ਨਿਊਣਾ ਚਾਹੀਦਾ ਹੈ। ਸੋ ਉਹਨਾਂ ਜਿਹੜਾ ਹੁਕਮ ਜਿਊਣ ਸਿੰਘ ਜੀ ਤੁਹਾਨੂੰ ਪੰਥ ਵਿਚੋਂ ਕੱਢਣ ਵਾਲਾ ਕੀਤਾ ਹੈ ਆਪਾਂ ਚੱਲ ਕੇ ਉਹਨਾਂ ਤੋਂ ਆਪਣੀ ਕੀਤੀ ਦੀ ਭੁੱਲ ਮੰਨ ਲਈਏ।"

ਸੰਤ ਜਿਊਣ ਸਿੰਘ ਜੀ ਕੋਈ ਅੱਜ ਦੇ ਸਿੱਖਾਂ ਵਰਗੇ ਨਹੀਂ ਸਨ ਜਿਹੜੇ ਕਹਿੰਦੇ ਕਿ ਅਸਾਂ ਤਾਂ ਕਦੇ ਭੁੱਲ ਕੀਤੀ ਹੀ ਨਹੀਂ, ਸਗੋਂ ਗੁਰੂ ਜੀ ਭੁੱਲ ਜਾਂਦੇ ਹਨ। ਸੰਤਾਂ ਨੂੰ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਿਆ ਹੀ ਨਿਊਣ ਦੀ ਦਿਤੀ ਸੀ। ਫਰੀਦ ਜੀ ਕਹਿੰਦੇ ਹਨ:

"ਜੋ ਤੈ ਮਾਰਨ ਮੁਕੀਆਂ ਤਿਨਾਂ ਨਾ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਚੁੰਮਿ।"

ਬਚਨ ਸੁਣਦਿਆਂ ਸਾਰ ਹੀ ਸੰਤ ਜਿਊਣ ਸਿੰਘ ਜੀ ਉੱਠ ਕੇ ਤੁਰ ਪਏ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲ। ਮੱਥਾ ਟੇਕਣ

ਤੋਂ ਬਾਅਦ ਬੇਨਤੀ ਕੀਤੀ ਕਿ ਬਖ਼ਸ਼ ਲਵੋ ਜੀ, ਮੈਂ ਭੁੱਲ ਗਿਆ ਸਾਂ। ਸਤਿਗੁਰੂ ਜੀ ਨੇ ਬਚਨ ਕੀਤਾ, "ਸੰਤ ਜੀ, ਗੁਰਬਾਣੀ ਸਤਿਕਾਰ ਨੂੰ ਮੁੱਖ ਰੱਖਦਿਆਂ ਮੈਂ ਇਸ ਤੋਂ ਇਲਾਵਾ ਹੋਰ ਕੁਝ ਕਰ ਹੀ ਨਹੀਂ ਸਕਦਾ ਸਾਂ, ਉਂਝ ਤੁਹਾਡੇ ਜਿਹੇ ਸਿੱਖ ਜਿਹਨਾਂ ਦਾ ਹਿਰਦਾ ਸਤਿਗੁਰੂ ਰਾਮ ਸਿੰਘ ਦਾ ਨਿਵਾਸ ਸਥਾਨ ਹੋਵੇ, ਬਾਰੇ ਕੋਈ ਕਠੋਰ ਕਾਰਵਾਈ ਕਸ਼ਟ ਤਾਂ ਮੈਨੂੰ ਵੀ ਪੁਚਾਉਂਦੀ ਹੈ।" ਸੰਤ ਮੰਡਲੀ ਸਾਰੀ ਹੀ ਮਸਤਾਨੀ ਬਿਰਤੀ ਵਿਚ ਹੋ ਕੇ ਆਪੋ ਆਪਣੇ ਡੇਰੇ 'ਤੇ ਪੁੱਜ ਗਈ। ਉਹ ਬਚਨ ਸਿੱਧ ਹੋ ਗਿਆ ਜੋ ਸਤਿਗੁਰ ਪ੍ਰਤਾਪ ਸਿੰਘ ਜੀ ਨੇ 45 ਚੱਕ ਸਰਗੋਧੇ ਦੇ ਹੋਲੇ ਸਮੇਂ ਪਿਛਲੇ ਵਰ੍ਹੇ ਹੀ ਫ਼ਰਮਾਇਆ ਸੀ ਕਿ ਹੁਣ ਅੱਗੇ ਕੋਈ ਨਹੀਂ ਅੜੇਗਾ। ਸੰਤ ਜਿਊਣ ਸਿੰਘ ਜੀ ਪੰਥ ਵਿਚ ਆ ਗਏ। ਸੰਤ ਜਿਊਣ ਸਿੰਘ ਜੀ ਨੂੰ ਐਡਾ ਵੱਡਾ ਖ਼ਿਤਾਬ ਗੁਰੂ ਜੀ ਨੇ ਇਸ ਲਈ ਦਿਤਾ ਸੀ ਕਿਉਂ ਜੁ ਇਕ ਵੇਰ ਨਹਿਰ ਦੇ ਕੰਢੇ ਤੁਰੇ ਜਾਂਦਿਆਂ, ਸੰਤ ਜਿਊਣ ਸਿੰਘ ਜੀ ਨੇ ਗੁਰੂ ਰਾਮ ਸਿੰਘ ਜੀ ਦਾ ਨਾਂ ਲੈ ਕੇ ਆਹ ਭਰੀ ਸੀ, "ਹਾਇ ਰਾਮਿਆ, ਹੁਣ ਤੇ ਆ ਮਿਲ।" ਸਤਿਗੁਰੂ ਜੀ ਰੰਗੂਨ ਜੇਲ੍ਹ ਵਿਚ ਇਸ਼ਨਾਨ ਕਰਕੇ ਪਹੁੰਚਾ ਬਦਲ ਰਹੇ ਸਨ ਕਛਹਿਰੇ ਦਾ। ਉਸੇ ਰੂਪ ਵਿਚ ਹੀ ਇਕ ਪਹੁੰਚਾ ਹੱਥ ਵਿਚ ਤੇ ਇਕ ਲੱਤ ਵਿਚ ਪ੍ਰਤੱਖ ਦਰਸ਼ਨ ਸੰਤ ਜਿਊਣ ਸਿੰਘ ਜੀ ਨੂੰ ਹੋਏ। ਐਡੀ ਮਹਾਨ ਹਸਤੀ ਸੀ ਸੰਤਾਂ ਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਤਾਪ ਦਿਨੋ ਦਿਨ ਦੂਣ ਸਵਾਇਆ ਵਧਣ ਲਗ ਪਿਆ। ਜਿਹਨਾਂ ਕੂਕਿਆਂ ਦੇ ਮਨਾਂ ਵਿਚ ਆਪ ਬਾਰੇ ਕੋਈ ਮਾੜੀ ਮੋਟੀ ਸ਼ੰਕਾ ਸੀ, ਸਭ ਦੂਰ ਹੋ ਗਈ। ਸਭ ਨੇ ਮੰਨ ਲਿਆ ਕਿ ਸਤਿਗੁਰੂ ਰਾਮ ਸਿੰਘ ਦੀ ਜੋਤ ਹੀ ਗੁਰੂ ਹਰੀ ਸਿੰਘ ਜੀ ਦੀ ਮਾਰਫ਼ਤ ਸਤਿਗੁਰੂ ਪ੍ਰਤਾਪ ਸਿੰਘ ਵਿਚ ਪੁਜ ਗਈ ਹੈ।

ਲਾਹੌਰ ਦਾ ਹੋਲਾ ਕਰਨ ਉਪਰੰਤ ਸਤਿਗੁਰੂ ਜੀ ਵਾਪਸੀ ਦੌਰੇ ਨਾਲ ਸ੍ਰੀ ਭੈਣੀ ਸਾਹਿਬ ਪੁੱਜ ਗਏ। ਹੋਲੇ ਤੋਂ ਬਾਅਦ ਸਤਿਗੁਰੂ ਜੀ ਛੇ ਮਹੀਨੇ ਦੌਰਾ ਨਹੀਂ ਸਨ ਕਰਦੇ। ਸ੍ਰੀ ਭੈਣੀ ਸਾਹਿਬ ਸਰਹਿੰਦ ਵਾਲੀ ਨਹਿਰ, ਜਿਹਨੂੰ ਰੋਪੜ ਵਾਲੀ ਨਹਿਰ ਵੀ ਅਸੀਂ ਆਖਦੇ ਸਾਂ, ਉੱਤੇ ਡੇਰਾ ਰੱਖਦੇ ਸਨ। ਉਥੇ ਅਖਾੜਾ ਬਣਾਇਆ ਹੋਇਆ ਸੀ ਜਿਥੇ ਆਪ ਘੁਲਦੇ ਸਨ ਅਤੇ ਜ਼ੋਰ ਕਰਿਆ ਕਰਦੇ ਸਨ। ਚੱਕ ਵਾਲਾ ਗੁਰਬਖ਼ਸ਼ ਸਿੰਘ ਤੇ ਚੱਕ ਦੇ ਹੀ ਭਾਈ ਵਜ਼ੀਰ ਸਿੰਘ ਅਖਾੜੇ ਵਿਚ ਹਮੇਸ਼ਾ ਨਾਲ ਰਹਿੰਦੇ ਸਨ। ਮਾਘਾ ਸਿੰਘ ਅਲੌੜ ਵਾਲਾ ਵੀ ਆਪ ਨਾਲ ਜ਼ੋਰ ਕਰਦਾ ਹੁੰਦਾ ਸੀ। ਇਹ ਘੁਲਦਾ ਅਤੇ ਭੱਜਦਾ ਬਹੁਤ ਸੀ। ਰਾਖ ਵਾਲੇ ਸਰਦਾਰ ਸੰਪੂਰਨ ਸਿੰਘ ਦਾ ਪੁੱਤਰ ਜੰਗ ਸਿੰਘ ਅਤੇ ਸ. ਕੇਹਰ ਸਿੰਘ ਰਾਖ ਵਾਲੇ ਵੀ ਕਦੇ ਕਦੇ ਘੁਲਦੇ ਸਨ, ਪਾਤਸ਼ਾਹ ਜੀ ਦੇ ਨਾਲ।

**ਨਹਿਰ ਵਾਲਾ ਡੇਰਾ:**

ਨਹਿਰ ਵਾਲਾ ਡੇਰਾ ਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਆਬਾਦ ਹੋਇਆ ਸੀ। ਸਤਿਗੁਰੂ ਹਰੀ ਸਿੰਘ ਜੀ ਘੋੜੇ ਤੇ ਗਊਆਂ ਛੇ ਮਹੀਨੇ ਗਰਮੀਆਂ ਦੇ ਨਹਿਰ 'ਤੇ ਹੀ ਘੱਲ ਦਿੰਦੇ ਸਨ। ਇਸ ਡੇਰੇ ਦਾ ਮਹੰਤ ਸੀ ਪਹਿਲਾ ਬਾਬਾ ਸੁੰਦਰ ਸਿੰਘ। ਇਹਨਾਂ ਦਾ ਪਿੰਡ ਮਾਲਵੇ ਵਿਚ ਬੁਰਜ ਸੀ। ਇਹ ਸੁੰਦਰ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਜਾਣ ਵੇਲੇ ਦਾ ਬਚਨ ਸਾਨੂੰ ਇਉਂ ਸੁਣਾਇਆ ਕਰਦੇ ਸਨ:

ਜਦੋਂ ਅੰਦਰੋਂ ਤੜਕੇ ਉਠ ਕੇ ਸਤਿਗੁਰੂ ਜੀ ਮਸਤਾਨਿਆਂ ਨੂੰ ਕੋਈ ਹੁਕਮ ਦੇਣ ਗਏ ਹਨ ਤਾਂ ਬਚਨ ਕੀਤਾ ਕਿ ਮੇਰੇ ਮਗਰ ਕੋਈ ਨਾ ਆਵੇ। ਅਸਾਂ ਸੋਚਿਆ ਪਈ ਬਚਨ ਵੀ ਮੰਨਣਾ ਏ ਤੇ ਚਿਤ ਕਰੇ ਕਿ ਐਸ ਵੇਲੇ ਪਾਤਸ਼ਾਹ ਜੀ ਦੇ ਮਸਤਾਨਿਆਂ ਨਾਲ ਜਿਹੜੇ ਬਚਨ ਬਿਲਾਸ ਹੋਣੇ ਨੇ, ਉਹ ਵੀ ਸੁਣੀਏ। ਇਸ ਲਈ ਅਸੀਂ ਸਤਿਗੁਰੂ ਜੀ ਦੇ ਬਰਾਬਰ ਬਰਾਬਰ ਭੱਜ ਕੇ ਜਦੋਂ ਉਹ ਬੈਠੇ, ਇਕ ਪਾਸੇ ਜਾ ਬੈਠੇ। ਸਤਿਗੁਰੂ ਜੀ ਬਚਨ ਕੀਤਾ,"ਜਿਹੜੇ ਲੌਢੇ ਵੇਲੇ ਦੇ ਦੀਵਾਨ ਵਿਚ ਤੁਸੀਂ ਬੋਲਾ ਕੀਤਾ ਸੀ ਕਿ ਸੀਸ ਲੱਗਣੇ ਹੈਨ, ਧਰਮ ਹੇਤੁ, ਅਸੀਂ ਸਮਝਦੇ ਹਾਂ ਕਿ ਅਜੇ ਪਨੀਰੀ ਛੋਟੀ ਹੈ। ਜਿਹੜਾ ਕੰਮ ਤੁਸੀਂ ਤਲਵਾਰ ਨਾਲ ਕਰਨਾ ਹੈ ਅਸੀਂ ਥੋੜ੍ਹੇ ਸਮੇਂ ਵਿਚ ਮਾਲਾ ਨਾਲ ਹੀ ਕਰ ਦੇਣਾ ਸੀ। ਲੇਕਿਨ ਜੇ ਤੁਹਾਨੂੰ ਜਿਵੇਂ ਕਹਿੰਦੇ ਹੋ ਕਿ ਗੁਰੂ ਤੇਗ ਬਹਾਦਰ ਸਾਹਿਬ ਹੁਕਮ ਕਰਦੇ ਹਨ ਤਾਂ ਫਿਰ ਤੁਹਾਨੂੰ ਖ਼ੁਸ਼ੀਆਂ।" ਉਸ ਸਮੇਂ ਸਤਿਗੁਰੂ ਜੀ ਵੈਰਾਗੀ ਸਨ। ਜਲ ਨੇਤਰਾਂ ਵਿਚੋਂ ਜਾ ਰਿਹਾ ਸੀ ਤੇ ਲਾਡਲੀਆਂ ਫੌਜਾਂ ਨੂੰ ਹੱਥੀਂ ਪ੍ਰਸ਼ਾਦ ਛਕਾ ਕੇ ਵਿਦਿਆ ਕੀਤਾ।"

ਸਤਿਗੁਰੂ ਜੀ ਦੇ ਪ੍ਰਦੇਸ ਜਾਣ ਤੋਂ ਅੱਠ ਵਰ੍ਹੇ ਮਗਰੋਂ ਗੁਰੂ ਹਰੀ ਸਿੰਘ ਜੀ ਨੇ ਬਾਬੇ ਸੁੰਦਰ ਸਿੰਘ ਹੋਰਾਂ ਨੂੰ ਨਹਿਰ 'ਤੇ ਭੇਜ ਕੇ ਉਸ ਡੇਰੇ ਦਾ ਮਹੰਤ ਥਾਪ ਦਿਤਾ ਸੀ। ਇਹਨਾਂ ਦੀ ਅਰਦਲ ਵਿਚ ਇਕ ਤਾਂ ਮੈਨ ਦੁਆਬ ਦੇ ਇਲਾਕੇ ਦਾ ਇਕ ਸਿੰਘ ਰਹਿੰਦਾ ਸੀ। ਉਸਦਾ ਨਾਮ ਬਿਸ਼ਨ ਸਿੰਘ ਸੀ ਤੇ ਆਂਹਦੇ ਸਾਰੇ ਉਸਨੂੰ 'ਜੌਨਾ' ਸਨ। ਬੜਾ ਸੂਰਮਾ ਸਿੰਘ ਸੀ। ਦੂਸਰਾ ਸੀ ਬਾਗੜ ਦੇ ਇਲਾਕੇ ਦਾ ਲੇਖਾ ਸਿੰਘ। 1956 ਬਿਕ੍ਰਮੀ ਦੇ ਭਿਆਨਕ ਕਾਲ ਸਮੇਂ ਇਹ ਏਧਰ ਆਇਆ ਸੀ ਅਤੇ ਸਿੰਘ ਸਜਿਆ ਸੀ। ਇਹਨੇ ਬਹੁਤ ਸਮਾਂ ਮਾਲ ਚਾਰਿਆ ਸੀ ਗੁਰੂ ਕਾ. ਤੀਜਾ ਭੂਪ ਸਿੰਘ ਸੀ। ਚੌਥਾ ਲੁਧਿਆਣਾ ਜ਼ਲ੍ਹਿੇ ਦੇ ਪਿੰਡ ਕਕਰਾਲੇ ਦਾ

ਪ੍ਰਤਾਪ ਸਿੰਘ ਸੀ। ਇਹ ਸਿੰਘ ਚਾਰੇ ਤਾਂ ਮਾਲ ਚਾਰਦੇ ਸਨ। ਇਹਨਾਂ ਦਾ ਲਾਂਗਰੀ ਸੀ ਘਣੀਏ ਕਿਆਂ ਦਾ ਬਾਬਾ ਨਿਹਾਲ ਸਿੰਘ। ਇਕ ਦਿਨ ਲੰਗਰ ਦੀ ਸੇਵਾ ਤੋਂ ਵਿਹਲੇ ਹੋ ਕੇ ਨਿਹਾਲ ਸਿੰਘ ਹੋਰੀਂ ਜੰਗਲ ਮੈਦਾਨ ਲਈ ਬਾਹਰ ਨਿਕਲੇ। ਪੂਨੀਆਂ ਪਿੰਡ ਦੇ (ਜੋ ਨੇੜੇ ਹੀ ਸੀ) ਦੋ ਭਰਾ ਸਨ। ਉਹ ਘੁਲਦੇ ਹੁੰਦੇ ਸਨ। ਇਕ ਦਾ ਨਾਂ ਮਸਤਾਨਾ ਸੀ। ਕਹਿਣ ਲੱਗੇ ਬਾਬੇ ਹੋਰਾਂ ਨੂੰ, "ਆ ਨਿਹਾਲ ਸਿੰਹਾਂ ਸਾਡੇ ਨਾਲ ਘੁਲ ਲੈ।" ਬਾਬੇ ਹੋਰਾਂ ਜੁਆਬ ਦਿਤਾ ਕਿ ਦੋਵੇਂ ਆ ਜਾਉ। ਇਕ ਇਕ ਨਾਲ ਮੈਂ ਕਿੱਥੇ ਖਹਿੰਦਾ ਫਿਰਾਂਗਾ। ਦੋਹਾਂ ਦੀ 'ਕੱਠੀ ਹੀ ਨਿਸ਼ਾ ਕਰਵਾ ਦਿਆਂਗਾ ਗੁਰੂ ਦੀ ਕ੍ਰਿਪਾ ਨਾਲ। ਬਾਬੇ ਹੋਰਾਂ ਕਦੇ ਇਕ ਨੂੰ ਥੱਲੇ ਲੈ ਲੈਣਾ ਕਦੇ ਦੂਜੇ ਨੂੰ ਥੱਲੇ। ਖੂਬ ਘਰਕਾਏ ਅਤੇ ਰਗੜ ਰਗੜ ਕੇ ਦੋਹਾਂ ਦੀ ਬੱਸ ਕਰਵਾ ਦਿਤੀ। ਹੱਥ ਜੋੜ ਕੇ ਛੁੱਟੇ ਦੋਵੇਂ। ਐਨੇ ਜ਼ੋਰਾਵਰ ਸਨ। ਉਸ ਦਿਨ ਤੋਂ ਬਾਅਦ ਬਾਬੇ ਨਿਹਾਲ ਸਿੰਘ ਹੋਰਾਂ ਨੂੰ ਕਿਸੇ ਨੇ ਮਖ਼ੌਲ ਨਹੀਂ ਕੀਤਾ। ਕਿਉਂ ਜੁ ਭਲਵਾਨ ਭਰਾ ਸਮਝਦੇ ਸਨ ਕਿ ਇਹ ਰੋਟੀਆਂ ਥੱਪਣ ਵਾਲਾ ਕੂਕਾ ਬੁੱਢੜਾ ਸਾਡਾ ਮੁਕਾਬਲਾ ਕਿਵੇਂ ਕਰ ਸਕੇਗਾ। ਬੜਿਆਂ ਬੜਿਆਂ ਦੇ ਭੁਲੇਖੇ ਸਤਿਗੁਰ ਨੇ ਦੂਰ ਕਰ ਦਿਤੇ।

**ਡੇਰਾ ਨਹਿਰ ਤੇ ਨਾਮਧਾਰੀਆਂ ਅਤੇ ਓਡਾਂ ਦੀ ਲੜਾਈ:**

ਇਹ ਵਾਕਿਆ 1962 ਬਿਕ੍ਰਮੀ ਦਾ ਹੈ। ਇਕ ਦਿਨ ਨਹਿਰ 'ਤੇ ਨਾਮਧਾਰੀ ਸਿੱਖਾਂ ਤੇ ਓਡਾਂ ਦੀ ਲੜਾਈ ਹੋ ਗਈ। ਇਹ ਓਡ ਮੁਸਲਮਾਨ ਸਨ ਅਤੇ ਭੇਡਾਂ ਬੱਕਰੀਆਂ ਲੈ ਕੇ ਘੁੰਮਦੇ ਫਿਰਦੇ ਸਨ। ਇਹ ਨਹਿਰ 'ਤੇ ਘਾਹ ਉਜਾੜਦੇ ਸਨ। ਓਡਾਂ ਦੀ ਗਿਣਤੀ ਸੱਠ ਸੀ ਅਤੇ ਸਿੰਘ ਡੇਰੇ ਵਾਲੇ ਵੀਹ ਸਨ। ਸਿੰਘਾਂ ਦੇ ਨਾਵਾਂ ਦਾ ਵੇਰਵਾ ਇਸ ਤਰ੍ਹਾਂ ਸੀ:

1. ਨਿਹਾਲ ਸਿੰਘ ਲਾਂਗਰੀ ਘਣੀਏ ਕੇ
2. ਮੱਲ ਸਿੰਘ ਠੇਠਰਕਿਆਂ ਦਾ
3. ਝੰਡਾ ਸਿੰਘ ਬੁੱਲ੍ਹੇ ਸ਼ਾਹ ਦਾ ਪੁੱਤਰ ਸਹਿੰਸਰਾ
4. ਸੋਹਣ ਸਿੰਘ, ਝੰਡਾ ਸਿੰਘ ਦਾ ਭਰਾ ਸਹਿੰਸਰਾ
5. ਇੰਦਰ ਸਿੰਘ ਘੁੱਕੇ ਵਾਲੀਆ
6. ਵੀਰ ਸਿੰਘ ਭੋਮਾ ਵਡਾਲਾ
7. ਮੋਹਣ ਸਿੰਘ, ਬੁੱਲ੍ਹੇ ਸ਼ਾਹ ਦਾ ਪੁੱਤਰ ਸਹਿੰਸਰਾ
8. ਬਿਸ਼ਨ ਸਿੰਘ ਜੌਨਾ
9. ਨੱਥਾ ਸਿੰਘ ਮਜ਼੍ਹਬੀ ਸਿੱਖ ਪਿੰਡ ਸਿਰਹਾਲੀ (ਅੰਮ੍ਰਿਤਸਰ)
10. ਨੱਥਾ ਸਿੰਘ ਦਾ ਪੁੱਤਰ ਸਮੁੰਦ ਸਿੰਘ ਸਿਰਹਾਲੀ
11. ਮਹੰਤ ਕੌਲਾ ਸਿੰਘ ਮੌਲੀ ਦਰਾਜ
12. ਈਸ਼ਰ ਸਿੰਘ
13. ਸਾਧੂ ਸਿੰਘ, ਰਵਿਦਾਸੀਆ ਸਿੰਘ
14. ਮਾਘਾ ਸਿੰਘ ਸੁਖਈ
15. ਕੂਹਣੀਮਾਰ ਹੀਰਾ ਸਿੰਘ ਪਿੰਡ ਖੁੱਡੀਆਂ
16. ਚੰਦਾ ਸਿੰਘ ਵਲਟੋਹੀਆ
17. ਲਹਿਣਾ ਸਿੰਘ ਖਰਾਸੀਆ, ਖਰਾਸ ਤੇ ਆਟਾ ਪੀਂਹਦਾ ਸੀ
18. ਬਿਸ਼ਨ ਸਿੰਘ ਘੱਕੂ ਬਾਜੇ ਪਿੰਡ ਦਾ
19. ਜੈ ਸਿੰਘ ਗੜ੍ਹੀ ਪਿੰਡ ਜ਼ਿਲ੍ਹਾ ਜਲੰਧਰ
20. ਚੇਤ ਸਿੰਘ ਪਿੰਡ ਆਸਲਾਂ (ਜਲੰਧਰ) ਦਾ ਸੁਖਈ ਸਿੰਘ

ਇਉਂ ਇਹ ਸਾਰੇ ਵੀਹ ਸਿੰਘ ਸਨ। ਸਿੰਘ ਵੀ ਆਪਣੇ ਆਪ ਨੂੰ ਅਖਵਾਉਂਦੇ ਸਨ ਕਿ ਅਸੀਂ ਬੜੇ ਸੂਰਮੇ ਹਾਂ ਤੇ ਓਡ ਵੀ ਕਹਿੰਦੇ ਸਨ ਕਿ ਸਾਡੇ ਟੋਲੇ ਮੂਹਰੇ ਦੋ ਦੋ ਤਿੰਨ ਤਿੰਨ ਪਿੰਡ ਨਹੀਂ ਖਲੋਂਦੇ। ਇਹ ਦਾਲ ਪੀਣੇ ਕੂਕੇ ਸਾਡਾ ਕੀ ਕਰ ਲੈਣਗੇ। ਫਿਟੇਵੇਂ ਵਿਚ ਆ ਕੇ ਸਾਡਾ ਰਖਿਆ ਹੋਇਆ ਘਾਹ ਉਜਾੜ ਰਹੇ ਸਨ। ਹੁਣ ਨਹਿਰ ਤੇ ਦੋਹਾਂ ਧਿਰਾਂ ਦੀ ਲੜਾਈ ਲੱਗੀ ਏ ਹੋਣ। ਆਹਮੋ ਸਾਹਮਣੇ ਜੁੱਟ ਪਏ। ਲੱਗੀ ਡਾਂਗ ਤੇ ਡਾਂਗ ਖੜਕਣ। ਕਿਉਂ ਜੁ ਲੜਾਈ ਉਦੋਂ ਡਾਂਗ ਦੀ ਹੀ ਹੁੰਦੀ ਸੀ।

**ਚਲਦਾ.....**

# Basant (Spring) – The Splendour of Nature



**Dr. Devinder Pal Singh**

Basant (Spring) is a time of dawning light, new life, new birth, and new hope — a time of warmth, vitality, dancing, and blossoming. Every year she comes out of the cold darkness and captivatingly dances around us. She embraces us with her warmth, intoxicates us with her aroma. Like a potent elixir, spring revitalizes our hope. She breathes life into the dead and teaches us the lessons of renewal and rebirth.

The dawn of Basant is well appreciated in Gurbani as;

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥

*Among the months, blessed is the month when spring always comes. (Mehl First, SGGS, p 1168)*

ਰੁਤਿ ਆਈਲੇ ਸਰਸ ਬਸੰਤ ਮਾਹਿ ॥

*The delightful season of spring has come. (Mehl First, SGGS, p 1168)*

Every year, the vernal equinox occurs on the 21st of March. It indicates the starting of long, brighter days. The birds trill, bees buzz, and the buds of plants and trees burst forth. Humans stroll with a bit more spring in their step and sparkle in their eyes. Gurbani appreciates the blooming of Spring as;

ਬਸੰਤ ਰੁਤਿ ਆਈ ॥ ਪਰਫੂਲਤਾ ਰਹੇ ॥

*The season of spring has come. It blossoms forth luxuriantly. (Mehl Fifth, SGGS, p 1185)*

Feeling good in spring is more than psychological. The more extended light period of spring days has the power to change our biochemistry in positive ways. The increased sunlight exposure affects hormonal and metabolic functions. We feel more optimistic and resilient; even our reproductive patterns are affected by the light of spring.

**Spring celebrations in different cultures**

As spring dawns, the world is filled with festivities and celebrations from all traditions and cultures [2-3]. The Spring season is associated with the blooming of a festive mood. Every community celebrates this joyous season differently.

Every year around the start of the Spring season, Christians worldwide celebrate Easter, a festival dedicated to the resurrection of Jesus Christ. On this day, many Christians end lent, a period preceding Easter where they avoid eating meat. Amid this period, many people, as a sign of sacrifice, quit their much-loved things. Some people quit eating meat. A few others stop drinking or smoking. On Easter, for the Christians, the day begins with prayer at the church. Lilies and Easter eggs are exchanged among families and friends. Every year, people buy beautiful, expensive dresses

as a part of the celebration. Most of the Churches are decorated with bright colours of yellow, white and green. In Thailand, spring brings the Songkran Water Festival. Thailand's New Year is celebrated from the 13th of April to the 16th. In Babylon, the spring season brings the 12-day religious festival, Kha b' Nisan Assyrian, starting from April 1st celebrated by the Assyrians as their New Year.

One of the spring-themed festivals in Hindu culture is Vasant Panchami. Each year, it is celebrated on the 5th day of the bright half of the Indian month of Magh (February). Vasant Panchami initiates the festive spring cycle. This cycle's summation occurs with the Holi celebration. In ancient Indian tradition, Vasant Panchami is associated with the Shringara tradition, and the festival was celebrated in this tradition. Celebrations today still honour Kamadeva, his wife Rati, and his friend Vasant (the personification of Spring). The Hindu goddess of the Vasant Panchami festivities is Sarasvati. On this day, the Goddess Saraswati's worship has been well known since the Vedic and the Puranic periods. It is believed that Lord Brahma manifested Saraswati on this day so that the worldly beings could enjoy a life of intelligence, dialogue and harmony. Goddess Sarasvati is a beholder of the musical instrument Veena and is also called "Veena Vandini."

Hindus also welcome the spring in the form of Holi, the famous festival of colours, on 27th March. According to Indian scriptures, on this day, Lord Vishnu came to protect his beloved devotee (Bhagat Prahlad) from being burnt alive. Therefore Holi marks a day to celebrate love and companionship. In India, the festival is also celebrated to rejoice in Lord Krishna's love and colour each other in gulaal (red colour). It is a day to have fun. Elders and young children play alike with colours to express their affection to each other. There is a saying in society, 'All grievances are pardoned today, and everyone gets together with a fresh start.'

The Basant season's celebration is an age-old cultural tradition of the Punjabi people. All people, including Hindus, Sikhs and Muslims, enjoy it with great joy and gusto. Yellow is the preferred colour of the day. It depicts the blooming spring flowers. It also represents the yellow mustard fields of Punjab. On this day, girls generally wear yellow dupattas and saris. Boys often include yellow turbans in their attire. There are no constraints of religions or different socio-economic classes. All get-together and celebrate the day. Usually, girls get on the swings and sing the traditional Basant songs. These songs reflect the excitement and romance of Punjabi life. Kite-flying is one of the main activities on the day. There are often a good number of competitions among people to cut loose others' kites.

On the day of Vasant Panchmi, musicians in the Harmandir Sahib, Amritsar, start [3] the kirtan (music) by singing Basant Raga. This custom is continued until the first day of Vaisakh. Guru Hargobind Ji, the Sixth Sikh Guru, was born in 1595. To celebrate his birthday, a fair is held on Basant Panchmi at Chheharta Sahib Gurdwara in Wadali, near Amritsar. The main attraction of Basant at Chheharta Sahib is the kite flying practice, which is an ancient custom attached to the

festival. On Basant Panchami day in 1677, Guru Gobind Singh, the tenth Sikh Guru, got married to Bibi Jeeto Ji at Guru Ka Lahore. Every year, on Basant Panchmi, a Nagar Kirtan is held from Guru Ka Lahore to Takhat Sri Kesgarh Sahib to celebrate the occasion.

**Basant as a Metaphor**

In Gurbani [4-5], the word 'Basant' has been used as a metaphor for several different things, e.g. a Season, a Raga (Melodic modes), a State of Mind, to Dwell, the springtime of the soul and the Divine.

**Basant – A Season**

The word 'Basant' is derived from the Sanskrit word "Vasant," meaning spring [6]. It is one of the four temperate seasons. It represents the transition time between winter and summer. In the Northern hemisphere, the Spring season is popularly considered to comprise March, April, and May. At the spring equinox, days are close to 12 hours long, with day length increasing as the season progresses.

In this season, the weather becomes warmer, and plants revive. Many flowering plants bloom. In spring, the earth's axis increases its tilt toward the Sun. The daylight's duration rapidly increases for the relevant hemisphere. Notably, the hemisphere begins to warm. This change causes new plant growth. This springing forth action of plants provides the basis for the name "Spring Season." In many parts of the world, snow begins to melt, and streams swell with runoff. Frosts become less severe. In snow/frosts free climates, the air and ground temperature increases more rapidly. Many flowering plants bloom, in a long succession, continuing into early summer [6-8].

Basant (Spring) is a season of rejuvenation and growth. As per the Indian calendar, it begins in the month of Chayt and continues during the month of Baisakh. The season of spring is pleasant and delightful. Some fascinating observations are reported in Gurbani as under;

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ॥

*In the month of Chayt, O my dear beloved, the pleasant season of spring begins. (Mehl Fourth, SGGS, p 452)*

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥

*The season of spring is delightful. The months of Chayt and Baisaakh are the most pleasant. (Mehl Fifth, SGGS, p 927)*

In the spring season, all the plants and flowers blossom forth. All living beings experience a state of joy. The fact is proclaimed in Gurbani as;

ਬਨਸਪਤਿ ਮਉਲੀ ਚੜਿਆ ਬਸੰਤੁ ॥

*The season of spring has come. All the plants have blossomed forth. (Mehl Third, SGGS, p 1176)*

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥
ਬਨ ਫੂਲੇ ਮੰਝ ਬਾਰਿ ਮੈ ॥

*In the month of Chayt, the lovely spring orest is blooming in front of my door! (Mehl First, SGGS, p 1107)*

**Basant – A Raga (Melodic Modes)**

The word 'Raga' in Sanskrit means "colour" or "mood." A Raga6-8 refers to melodic modes used in Indian classical music. It is a series of five or more musical notes upon which a melody is built. Each raga has a strict set of rules. These rules govern the number and types of notes and their interplay for a tune's composition.

In Indian musical custom, rāgas are related to different times of the day or seasons. Traditionally, Indian classical music is always set in a rāga. Indian non-classical music, e.g. film songs or ghazals, also sometimes use rāgas in their compositions.

Basant raga is an Indian musical melody dating back to the 8th century. It appears in the Sikh tradition from northern India and is part of the Sri Guru Granth Sahib. In Sri Guru Granth Sahib, out of 31 ragas, Basant is the series's 25th raga. The compositions in this raga appear on pages 1168 to 1197. Guru Nanak, Guru Amar Das, Guru Ram Das, Guru Arjan and Guru Tegh Bahadar composed their several verses in Basant raga.

During the Basant season, Basant raga may be performed at any time of the day or night. Generally, it is reserved for the time between 9 p.m. and midnight. This gentle melody, when performed in a slow tempo, depicts calmness and peaceful joy. At the beginning of a composition, a descending scale is usually found. An ascending form always follows it. Today Basant raga belongs to the Purvi thata. The Ragmala gives Basant as a putra (son) of Hindol, a spring raga. The only variant noted in the Holy Book is Basant-Hindol.

...... ਬਸੰਤੀ ਸੰਦੂਰ ਸੁਹਾਈ॥

... ਗਾਵਹਿ ਸਰਸ ਬਸੰਤ ਕਮੋਦਾ ॥....

*...... Basantee and Sandoor are melodious; ..... and the thrilling songs of Basant and Kamodaa are sung. (Raag Maalaa, SGGS, p 1430)*

**Basant – a Metaphor for 'a State of Mind'**

In Gurbani, the word 'Basant' is also used to denote a condition or mode of being, concerning circumstances such as a state of joy, happiness, bliss. Such a state leads to rejuvenation of body and mind. Thus the spirituality of spring is more about becoming than being. Gurbani commends meditation to obtain rejuvenation of body and mind.

ਮਨਿ ਬਸੰਤੁ ਹਰੇ ਸਭਿ ਲੋਇ॥

ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ॥

*When the mind experiences spring, all people are rejuvenated. Blooming forth and flowering through the Lord's Name, peace is obtained. (Mehl Third, SGGS, p 1176)*

ਮਨਿ ਬਸੰਤੁ ਤਨੁ ਮਨੁ ਹਰਿਆ ਹੋਇ॥

*When the mind experiences spring, the body and mind are rejuvenated. (Mehl Third, SGGS, p 1176)*

ਸਾਚਿ ਰਤੇ ਤਿਨ ਸਦ ਬਸੰਤ॥

ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦ॥

*Those people, who are imbued with the Love of God, are in the bloom of spring forever. By uttering the Lord of the Universe's Glorious Praises, their minds and bodies are rejuvenated. (Mehl Third, SGGS, p 1173)*

ਗੁਰ ਪਰਸਾਦਿ ਬਸੰਤੁ ਬਨਾ॥

ਚਰਨ ਕਮਲ ਹਿਰਦੈ ਉਰਿ ਧਾਰੇ ਸਦਾ ਸਦਾ ਹਰਿ ਜਸੁ ਸੁਨਾ॥

*With Guru's Grace, the spring of the soul has arrived. I enshrine the Lord's Lotus Feet of the Lord within my heart; I listen to the Lord's Praise, forever and ever. (Mehl Fifth, SGGS, p 1182)*

**Basant – a Metaphor for 'To Dwell'**

In Gurbani, the word 'Basant' is used to represent the state of dwelling in joy. Gurbani declares the omnipresence of God in the hearts of devotees as;

ਘਟਿ ਘਟਿ ਬਸੰਤ ਬਾਸੁਦੇਵਹ ਪਾਰਬ੍ਰਹਮ ਪਰਮੇਸੁਰਹ॥

*The Supreme Lord God, the Transcendent,*

*Luminous Lord, dwells in every heart. (Mehl Fifth, SGGS, p 1356)*

ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ॥

*The Imperishable Lord dwells in the hearts of the Holy. He is understood, O Nanak, by those who are very fortunate. (Mehl Fifth, SGGS, P 1359)*

ਭਗਵਾਨ ਰਮਣੰ ਸਰਬਤ੍ਰ ਥਾਨਿਜ੍ਯੰ ॥
ਦ੍ਰਿਸਟ ਤੁਯੰ ਅਮੋਘ ਦਰਸਨੰ ਬਸੰਤ ਸਾਧ ਰਸਨਾ॥

*God is pervading and permeating all places. So obtain the Blessed Vision of His Darshan; He dwells upon the tongues of the Holy. (Mehl Fifth, SGGS, p 1354)*

Gurbani makes us aware that contemplation of Guru's Sabd leads to one's salvation from the cycles of birth and death.

ਹਰਿ ਦਰਗਹ ਸੋਭਾਵੰਤ॥
ਫੁਨਿ ਗਰਭਿ ਨਾਹੀ ਬਸੰਤ॥

*One, who is respected in the Court of the Lord, will not have to enter the womb of reincarnation ever again. (Mehl Fifth, SGGS, p 898)*

**Basant – a metaphor for 'Springtime.'**

The word 'Basant' is also used to denote a time of happiness, peace and tranquillity in one's life. Usually, the most attractive period of a being is called 'Springtime.' Such a period can be a rejuvenation time. Gurbani proclaims that there are several acts (e., g. meditation, meeting the Divine Guru, receiving the Grace of the God, contemplation of Guru's Sabd), which lead to the springtime of the human soul.

ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ॥

*A person within whose heart the Name of the Lord abides, he/she experiences the soul's eternal springtime. (Mehl Fifth, SGGS, p 1180)*

ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ॥

*A person experiences the springtime of the soul, unto whom God grants His Grace. (Mehl Fifth, SGGS, p 1180)*

ਸਦ ਬਸੰਤ ਗੁਰ ਮਿਲੇ ਦੇਵ॥

*It is always springtime when I meet the Divine Guru. (Mehl Fifth, SGGS, p 1180)*

ਤਿਸੁ ਬਸੰਤੁ ਜਿਸੁ ਗੁਰੁ ਦਇਆਲੁ॥

*A person, unto whom the Guru is compassionate, he experiences this springtime of the soul. (Mehl Fifth, SGGS, p 1180)*

ਸਦਾ ਬਸੰਤੁ ਗੁਰ ਸਬਦੁ ਵੀਚਾਰੇ॥

*Contemplating the Guru's Sabd, one is in spring forever, (Mehl Third, SGGS, p 1176)*

The word dualism is obtained from the Latin word duo meaning "two." It denotes a state of two parts. Dualism is generally described as moral dualism (e.g. the conflict between good and evil), mind-body or mind-matter dualism (e.g. Cartesian Dualism) or physical dualism (e.g. the Chinese Yin and Yang). Gurbani warns us that if one is engrossed in the worldly passions, one cannot experience the springtime.

ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ॥
ਇਹੁ ਮਨੁ ਜਲਿਆ ਦੂਜੈ ਦੋਇ॥

*As this mind is burnt by duality and double-mindedness, so it is not even touched by spring. (Mehl Third, SGGS, p 1176)*

However, Gurbani provides us with a beacon to achieve eternal spring in one's life by the contemplation of God's Name.

ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ॥

*The contemplation of the Sabd (Gurbai) brings eternal spring; it rejuvenates the mind and body. (Mehl Third, SGGS, p 1420)*

**Basant – a Metaphor for 'Divine'**

Wonder, amazement, awe, and gratitude are integral to the spirituality of spring. Using the metaphor of 'Basant' Gurbani encourages us to see the Divine in all creation.

ਆਪਿ ਬਸੰਤੁ ਜਗਤੁ ਸਭੁ ਵਾੜੀ॥

*The Lord Himself is the season of spring. The whole world is His Garden. (Mehl Third, SGGS, p 1177)*

Thus Sikhism emphasizes that Basant (Spring) and all otherworldly phenomena manifest an ultimate reality (God). He is seen as the essence of the blossoms and the multitude of things and events we observe. Gurbani proclaims that God is ever in the state of Spring and is the Primal cause of it.

ਮਾਹਾ ਰੁਤੀ ਮਹਿ ਸਦ ਬਸੰਤੁ॥
ਜਿਤੁ ਹਰਿਆ ਸਭੁ ਜੀਅ ਜੰਤੁ॥

*Throughout the months and the seasons, the Lord is always in bloom. He rejuvenates all beings and creatures. (Mehl Third, SGGS, p 1172)*

ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ॥

*Spring brings forth the first blossoms, but the Lord blossoms earlier still. By His blossoming, everything blooms; no one else causes Him to blossom forth. (Mehl First, SGGS, p 791)*

**Welcoming Spring in Our Life**

Spring is always miraculous and astounding with its intricate details and abundance of flowering. Just think of the brilliant, blazing yellow of Forsythia bushes, gorgeous colours of lovely tulips, beautiful daffodils, delightful roses and the startling glory of the Weeping Cherry Trees. Neither we control such beauty nor invent it but are invited to behold and receive in gratitude. Spring invites us to be present in every moment and increase our awareness of the wonder of the evolutionary workings that results in spring's annual flowering.

Gurbani emphasizes reflecting on the wonders of Spring and contemplating on its Creator, who is all-pervading and is the caretaker of all. It is asserted such cogitation leads to an eternal state of peace, tranquillity and joy in one's life.

ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ॥
ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥

*He blossoms forth even earlier than the spring; reflect upon Him. O Nanak, praise the One who provides sustenance to all. (Mehl Second, SGGS, p 791)*

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ॥

*Among the other months, that month, when spring arrives, is always blessed. O, my consciousness! Blossom forth forever by contemplating God (the Lord of the Universe). (Mehl First, SGGS, p 1168)*

In the spring season, we each have the opportunity to plant new seeds of positive change in our lives. Winter keeps us indoors, looking inward. Spring takes us outside, out of our homes and out of ourselves. It is a perfect time to remember that each day is a new possibility. We have the opportunity to grow and develop, to be more thoughtful about our actions, and to bring more balance into our lives consciously. Gurbani urges us to renounce egotism and to adopt an attitude of

compassion for all through the love for God.

ਦੇਖੁ ਫੂਲ ਫੂਲ ਫੂਲੇ॥
ਅਹੰ ਤਿਆਗਿ ਤਿਆਗੇ ॥
.........ਹਰਿ ਚੇਤਿ ਮਨ ਮੇਰੇ ॥

*Behold the blooming flowers. The blossoms are blossoming forth! Renounce and abandon your egotism. ........... O my mind, be conscious of the Lord. (Basant, Fifth Mehl: p 1185)*

Spring is the perfect time to positively change one's life, as Nature provides powerful cues for new growth in it. Following ideas [9] may help you to make such a change a reality.

1. **Feel the Power of Nature:** Take a long, leisurely walk in the woods or the lush green fields or even just in your neighbourhood park. Experience the power of Nature all around you and within you. Know that this extraordinary force is available to you, and allow it to influence the course of your life and health.

2. **Reinvent yourself:** Spring is the time for renewal. It is time to let go of what you don't need (physical, mental, and emotional habits that undermine your health). It is time to bring in what you need anew (accepting positive health habits). Be more creative, or read your favourite book or sit quietly to meditate and listen. Try to spend more time in natural surroundings. It is always exhilarating to take hikes, plant a garden, or work in a community garden.

3. **Support Body-Mind Happiness:** Create a balanced fitness program to support your healthy body/mind happiness. Include some reflective practices such as stretching, yoga, meditation or chi gong; in such a program. Such activities help support renewal by giving your body time to gently de-stress.

4. **Be Pragmatic:** Visualize your Perfect Life, and nourish that vision through your cleansing and renewal process. Recognize the areas of your life that need a change. Plan specific improvements that integrate the essence of changing seasons.

5. **Be Compassionate:** Do something that uplifts your spirit, such as caring for a loved one or an elderly neighbour. Doing selfless service to others is key to completing the circle of life called Love.

6. **Be Healthy:** It is your healthy body that lets your spirit fly more freely. Nutritional supplements (vitamins, minerals, amino acids, and fatty acids) nourish and support your body and mind. The cleansing process de-stresses your body. It lets your energy rise and awakens your spirit. Savour freshly squeezed juices and herbal teas. Such acts provide you with the much-needed vitality and nourishment. So do the sprouts from seeds and grains, which are vital foods. Aromatherapy and smelling the heavenly sweetness of the spring flowers will soother your soul too.

7. **Be Grateful:** Be grateful to all the good things of life and especially to the earth for its abundant bounties available to all of us. Adopt an attitude of living in harmony with Nature. Be aware of the life cycle of things. Understand the real cost of products you use, such as plastics and chemical products. Adopt the methods of re-use and re-cycle.

Welcoming the spring in our lives, may all of us blossom forth with the flowers of Goodness, Love, Compassion, Gratitude and Grace!

........................................................

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਲੇਰਕੋਟਲੇ ਵਾਲੇ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ

ਦੇਸ, ਧਰਮ ਅਤੇ ਗਊ ਗਰੀਬ ਦੀ ਖਾਤਰ ਆਪਾ ਕੁਰਬਾਨ ਕਰਨ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਹੋਏ ਸੰਤ ਖਾਲਸੇ ਦੇ ਸੰਤ ਸਿਪਾਹੀਆਂ ਨੇ ਮਲੇਰਕੋਟਲੇ ਦੇ ਮੈਦਾਨ ਅੰਦਰ ਤੋਪਾਂ ਅੱਗੇ ਛਾਤੀਆਂ ਤਾਣ ਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ ਉਹਨਾਂ ਸੂਰਬੀਰਾਂ ਦੀ ਕੁਰਬਾਨੀ ਤੇ ਹਮੇਸ਼ਾ ਭਾਰਤ ਵਾਸੀਆਂ ਨੂੰ ਮਾਣ ਰਹੇਗਾ। ਜਿਸ ਸੂਰਬੀਰਤਾਂ ਅਤੇ ਬਹਾਦਰੀ ਨਾਲ ਅੰਗਰੇਜ਼ ਹਕੂਮਤ ਦਾ ਮੁਕਾਬਲਾ ਨਾਮਧਾਰੀਆਂ ਨੇ ਕੀਤਾ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਕਿਤੇ ਵੀ ਨਹੀਂ ਮਿਲਦੀ। ਮਲੇਰਕੋਟਲੇ ਦੇ ਸਾਕੇ ਅੰਦਰ ਮਦਰੇ ਕੱਦ ਦੇ ਸ਼ਹੀਦ ਵਰਿਆਮ ਸਿੰਘ ਅਤੇ ਬਾਂਰਾਂ ਸਾਲ ਦੇ ਬਾਲਕ ਬਿਸ਼ਨ ਸਿੰਘ ਦੀ ਸ਼ਹਾਦਤ ਨੂੰ ਕਦੀ ਵੀ ਨਹੀਂ ਭੁਲਾਇਆ ਜਾ ਸਕਦਾ ਆਪਣੇ ਇਸ ਗੋਰਵ ਮਈ ਇਤਿਹਾਸ ਦੇ ਪੰਨਿਆਂ ਨੂੰ ਯਾਦ ਕਰਦਿਆਂ ਹੋਇਆ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਮਲੇਰਕੋਟਲਾ ਦੇ ਸ਼ਹੀਦੀ ਸਮਾਰਕ ਵਿਖੇ **ਮਿਤੀ 17 ਜਨਵਰੀ 2024 ਦਿਨ ਬੁੱਧਵਾਰ** ਨੂੰ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਸਲਾਨਾਂ ਸ਼ਹੀਦੀ ਮੇਲਾ ਰਾਜਪੱਧਰੀ ਸਮਾਗਮ ਦੇ ਰੂਪ ਵਿੱਚ ਮਨਾਇਆ ਗਿਆ। ਸਵੇਰੇ ਅੰਮ੍ਰਿਤ ਵੇਲੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸ੍ਰੀ ਸਤਿਗੁਰੂ ਜੀ ਨੇ ਮਲੇਰਕੋਟਲੇ ਵਿਖੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਵੱਲੋਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਦਿਨ ਦਾ ਪ੍ਰੋਗਰਾਮ ਸ਼ਹੀਦੀ ਸਮਾਰਕ ਤੇ ਗਰਾਊਂਡ ਵਿੱਚ ਬਣੇ ਹੋਏ ਪੰਡਾਲ ਵਿੱਚ ਹੋਇਆ ਜਿਥੇ ਕਵੀਸ਼ਰ ਜੋਗਾ ਸਿੰਘ ਭੰਗੂਰ ਨੇ ਦੀਵਾਨ ਦੀ ਸ਼ੁਰੂਆਤ ਕੀਤੀ। ਜਿਸ ਸਮੇਂ ਸ੍ਰੀ ਸਤਿਗੁਰੂ ਜੀ ਪੰਡਾਲ ਵਿੱਚ ਸਾਧ ਸੰਗਤ ਨੂੰ ਦਰਸ਼ਨ ਦਿੱਤੇ। ਉਸ ਸਮੇਂ ਜ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲੇ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ ਬਲਵੰਤ ਸਿੰਘ ਦੇ ਜਥੇ ਵਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ।

## ਪਿੰਡ ਅਬਲ ਖੁਲਾਣਾ ਵਿਖੇ ਬਸੰਤ ਦਾ ਮੇਲਾ

ਇਲਾਕਾ ਮਾਲਵਾ ਦੇ ਜਿਲ੍ਹਾ ਮੁਕਤਸਰ ਦੇ ਆਪਣੇ ਦੌਰੇ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਮਨਾਏ ਜਾ ਰਹੇ ਬਸੰਤ ਮੇਲਿਆਂ ਸਮੇਂ ਉਚੇਚਾ ਸਮਾਂ ਬਖਸ਼ ਕੇ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ **ਮਿਤੀ 14 ਜਨਵਰੀ 2024 ਦਿਨ ਐਤਵਾਰ** ਨੂੰ ਪਿੰਡ ਫੂਲੇਵਾਲਾ ਵਿਖੇ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਦਰਸ਼ਨ ਦੇਣ ਉਪਰੰਤ ਮਲੋਦ ਵਿਖੇ ਆਣ ਸੂਬਾ ਸਰਬਜੀਤ ਸਿੰਘ ਜੀ ਦੇ ਗ੍ਰਿਹਿ ਵਿਖੇ ਦਰਸ਼ਨ ਦੇਣ ਅਤੇ ਪ੍ਰਸ਼ਾਦਾ ਪਾਣੀ ਛਕਣ ਬਾਅਦ ਨੰਬਰਦਾਰ ਸ. ਬਲਤੇਜ ਸਿੰਘ, ਸ. ਬਲਰਾਜ ਸਿੰਘ ਜੋ ਸੂਬਾ ਸਰਬਜੀਤ ਸਿੰਘ ਦੇ ਵੱਡੇ ਭਰਾ ਹਨ ਇਹਨਾਂ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਏਥੋ ਹੀ ਪਿੰਡ ਅਬੁਲ-ਖੁਲਾਣਾ ਵਿਖੇ ਸ. ਨਰਿੰਦਰ ਸਿੰਘ ਪੁੱਤਰ ਸ. ਕਰਨੈਲ ਸਿੰਘ ਦੇ ਗ੍ਰਿਹਿ ਵਿਖੇ ਨਗਰ ਨਿਵਾਸੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਮਨਾਏ ਜਾ ਰਹੇ ਬਸੰਤ ਦੇ ਮੇਲੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਮੰਚ ਤੇ ਲੋਕਲ ਇਲਾਕੇ ਦਾ ਕਵੀਸ਼ਰੀ ਜਥਾ ਸ. ਨਰਿੰਦਰ ਸਿੰਘ ਦਾ ਜਥਾ ਸਾਥੀਆਂ ਸਮੇਂ ਕਵੀਸ਼ਰੀ ਪ੍ਰਸੰਗ ਪੇਸ਼ ਕਰ ਰਿਹਾ ਸੀ। ਉਪਰੰਤ ਸੰਤ ਨਿਸ਼ਾਨ ਸਿੰਘ ਕਥਾ ਵਾਚਕ ਨੇ ਗੁਰ ਇਤਿਹਾਸ ਦੀ ਕਥਾ ਕੀਤੀ। ਇਲਾਕਾ ਨਿਵਾਸੀ ਸਾਧ ਸੰਗਤ ਹੁਮ-ਹੁੰਮਾ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚੀ ਹੋਈ ਸੀ। ਸੰਤ ਕੌਰ ਸਿੰਘ ਜੀ ਕੋਟ ਧਰਮੂ ਵਾਲੇ ਇਸ ਸਮਾਗਮ ਸਮੇਂ ਉਚੇਚੇ ਤੌਰ ਤੇ ਪਹੁੰਚੇ ਹੋਏ ਸਨ। ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਸਾਧ ਸੰਗਤ ਨੂੰ ਉਚੇਚੇ ਤੌਰ ਤੇ ਹੁਕਮ ਕੀਤਾ ਆਪਣੇ ਬੱਚਿਆਂ ਨੂੰ ਇਤਿਹਾਸ ਦੀ ਸਾਖੀਆਂ ਸੁਣਾਈਆਂ ਜਾਣ ਅਤੇ ਆਪਣੇ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇ। ਬੱਚੇ ਗੁਰ ਸਿਖੀ ਨਾਲ ਜੁੜੇ ਰਹਿਣ ਅੰਤ ਵਿੱਚ ਸੂਬਾ ਸਰਬਜੀਤ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਲਈ ਅਤੇ ਸਾਧ ਸੰਗਤ ਦਾ ਧੰਨਵਾਦ ਕੀਤਾ। ਏਥੇ ਹੀ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

ਕੀਰਤਨ ਦੀ ਸਮਾਪਤੀ ਉਪਰੰਤ ਵਿਦਵਾਨਾ ਨੇ ਆਪਣੇ ਵਿਚਾਰਾਂ ਰਾਹੀ ਸ਼ਹੀਦਾ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕੀਤਾ ਜਿਨ੍ਹਾਂ ਵਿੱਚ ਰਾਸ਼ਟਰੀ ਸਿੱਖ ਸੰਗਤ ਪੰਜਾਬ ਦੇ ਪ੍ਰਧਾਨ ਸ. ਗੁਰਬਚਨ ਸਿੰਘ, ਸੇਵਕ ਹਰਪਾਲ ਸਿੰਘ, ਸੰਤ ਨਿਸ਼ਾਨ ਸਿੰਘ ਅਤੇ ਅਵਿਨਾਸ ਰਾਏ ਖੰਨਾ ਸਾਬਕਾ ਮੈਬਰ ਰਾਜ ਸਭਾ ਸਨ। ਪੰਜਾਬ ਸਰਕਾਰ ਵਲੋਂ ਅੱਜ ਦੇ ਇਸ ਰਾਜਪੱਧਰੀ ਸਮਾਗਮ ਵਿੱਚ ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਹਾਜ਼ਰ ਸਨ। ਮਲੇਰਕੋਟਲਾ ਦੇ ਵਿਧਾਇਕ ਡਾ. ਜਮੀਲ ਵੀ ਮੰਚ ਤੇ ਹਾਜਰ ਸਨ। ਮਲੇਰਕੋਟਲਾਂ ਸ਼ਹਿਰ ਨੂੰ ਜ਼ਿਲ੍ਹੇ ਦਾ ਦਰਜਾ ਮਿਲਣ ਕਰਕੇ ਸਮੁੱਚਾ ਪ੍ਰਸ਼ਾਸਨ ਮਾਨਯੋਗ ਡਿਪਟੀ ਕਮਿਸ਼ਨਰ, ਐਸ.ਡੀ.ਐਮ ਅਤੇ ਪੁਲਿਸ ਮੁਖੀ ਐਸ.ਐਸ.ਪੀ. ਵੀ ਮੌਕੇ ਤੇ ਮੌਜੂਦ ਸਨ। ਨਾਮਧਾਰੀ ਦਰਬਾਰ ਦੇ ਪ੍ਰਧਾਨ ਅਤੇ ਸਾਬਕਾ ਐਮ.ਪੀ ਸ. ਹਰਵਿੰਦਰ ਸਿੰਘ ਜੀ ਹੰਸਪਾਲ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਨੇ ਪੰਜਾਬ ਸਰਕਾਰ ਦੀ ਤਰਫੋ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ। ਹਲਕੇ ਦੇ ਸਾਬਕਾ ਐਮ.ਐਲ.ਏ ਸ. ਇਕਬਾਲ ਸਿੰਘ ਵੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਪਧਾਰੇ। ਸਾਬਕਾ ਅਕਾਲੀ ਮੰਤਰੀ ਸ. ਹੀਰਾ ਸਿੰਘ ਗਾਬੜੀਆਂ ਵੀ ਮੰਚ ਤੇ ਬਿਰਾਜਮਾਨ ਸਨ। ਸ੍ਰੀ ਸਤਿਗੁਰੂ ਜੀ ਨੇ ਸ਼ਹੀਦਾਂ ਦੇ ਪਰਿਵਾਰ ਵਿੱਚੋਂ ਸ. ਪੂਰਨ ਸਿੰਘ ਸਕਰੋਦੀ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਉਪਦੇਸ਼ ਸਮੇਂ ਫ਼ਰਮਾਇਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਅਤੇ ਬਾਣੀ ਨਾਲ ਨਾਮਧਾਰੀ ਸਿੱਖਾਂ ਵਿੱਚ ਉਹ ਸਪਿਰਟ ਪੈਦਾ ਕਰ ਦਿੱਤੀ ਕਿ ਨਾ ਤਾਂ ਉਹਨਾਂ ਨੂੰ ਤੋਪਾਂ ਤੋਂ ਡਰ ਲੱਗਿਆ ਅਤੇ ਨਾ ਹੀ ਉਹਨਾਂ ਨੂੰ ਫਾਸੀਆਂ ਤੋਂ ਡਰ ਲੱਗਿਆ ਦੇਸ਼ ਦੀ ਅਜ਼ਾਦੀ ਲਈ ਉਹ ਹੱਸ-ਹੱਸ ਕੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ। ਸਟੇਜ ਸੱਕਤਰ ਦੀ ਜ਼ਿੰਮੇਵਾਰੀ ਅਜੀਤ ਸਿੰਘ ਨਾਮਧਾਰੀ ਵੱਲੋਂ ਨਿਭਾਈ ਗਈ। ਅੱਜ ਦੇ ਸਮੁੱਚੇ ਸਮਾਗਮ ਦੀ ਸਮਾਪਤੀ ਅਰਦਾਸ ਉਪਰੰਤ ਕੀਤੀ ਗਈ। 18 ਜਨਵਰੀ 2024 ਦਿਨ ਵੀਰਵਾਰ ਦਿਨ ਵੀਰਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਜ. ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ ਅਤੇ ਗੁਰਬਚਨ ਸਿੰਘ ਚੰਨ ਵਲੋਂ ਕੀਤਾ ਗਿਆ। ਜਿਨ੍ਹਾਂ ਨੇ ਰਾਤ ਦੀ ਵਾਰੋ-ਵਾਰੀ ਸ਼ਹੀਦਾਂ ਦੀ ਯਾਦ ਵਿੱਚ ਦੀਵਾਨ ਸਜਾਏ ਸਨ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਸ਼ਹੀਦਾਂ ਦੀ ਯਾਦ ਵਿੱਚ ਪਾਏ ਗਏ। ਇਲਾਕਾ ਨਿਵਾਸੀ ਸਾਧ ਸੰਗਤ ਨੇ ਸ਼ਹੀਦੀ ਸਮਾਰਕ ਦੇ ਮਹੰਤ ਸੰਤ ਭੁਪਿੰਦਰ ਸਿੰਘ ਅਤੇ ਹਰਮੇਸ ਸਿੰਘ ਮੇਸੂ ਦੀ ਅਗਵਾਈ ਵਿੱਚ ਸੇਵਾ ਨਿਭਾਈ। ਸ਼ਹੀਦਾਂ ਦੀ ਯਾਦ ਵਿੱਚ ਕਰਵਾਏ ਗਏ ਇਸ ਯਾਦਗਾਰੀ ਮੇਲੇ ਦੀ ਸੇਵਾ ਸੰਤ ਸਵਰਨ ਸਿੰਘ ਲਾਇਲ ਦੇ ਸਮੁੱਚੇ ਪਰਿਵਾਰ ਵਲੋਂ ਸੰਤ ਸੁਰਿੰਦਰ ਸਿੰਘ ਨਾਮਧਾਰੀ ਅਤੇ ਨਰਿੰਦਰ ਸਿੰਘ ਦੀ ਅਗਵਾਈ ਵਿੱਚ ਤਨ-ਮਨ ਅਤੇ ਧਨ ਕਰਕੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਕਰਵਾਈ ਗਈ। ਇਸ ਤਰ੍ਹਾਂ ਦੇਸ, ਧਰਮ ਅਤੇ ਗਊ ਗਰੀਬ ਦੀ ਰੱਖਿਆ ਲਈ ਸ਼ਹਾਦਤਾਂ ਦੇਣ ਵਾਲੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਸਲਾਨਾਂ ਸ਼ਹੀਦੀ ਮੇਲਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨਮਾਈ ਹੇਠ ਯਾਦਗਾਰੀ ਹੋ ਨਿੱਬੜਿਆ।

**ਸੂਬਾ ਬਲਵਿੰਦਰ ਸਿੰਘ ਝੱਲ**

## ਇਲਾਕਾ ਸ੍ਰੀ ਜੀਵਨ ਨਗਰ ਦਾ ਸ੍ਰੀ ਸਤਿਗੁਰੂ ਜੀ ਦਾ ਦੌਰਾ

ਸਮੁੱਚੀ ਮਾਨਵਤਾ ਦੇ ਦੁੱਖ-ਸੁਖ ਦੇ ਸਾਥੀ ਬਣ ਕੇ ਵਿਚਰਨ ਵਾਲੀ ਅਨੋਖੀ ਸਖਸ਼ੀਅਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬਾਰੇ ਅਕਸਰ ਇਹ ਆਖਿਆ ਜਾਂਦਾ ਹੈ ਕਿ ਨਾਮਧਾਰੀ ਸਾਧ ਸੰਗਤ ਵੱਲੋਂ ਕੀਤੀ ਹਰ ਅਰਜ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸੰਗਤ ਦਾ ਮਾਨ ਵਧਾਉਂਦੇ ਹਨ। ਬੇਸ਼ੱਕ ਕੁਝ ਦਿਨ ਪਹਿਲਾਂ ਹੀ ਸ੍ਰੀ ਸਤਿਗੁਰੂ ਜੀ ਆਪਣਾ ਇਲਾਕਾ ਜੀਵਨ ਨਗਰ ਦਾ ਦੌਰਾ ਸਮਾਪਤ ਕਰ ਕੇ ਗਏ ਸਨ। ਪਰ ਕੁਝ ਪਰਿਵਾਰਾਂ ਵਲੋਂ ਕੀਤੀ ਗਈ ਅਰਜ਼ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ **ਮਿਤੀ 18 ਜਨਵਰੀ 2024 ਦਿਨ ਵੀਰਵਾਰ** ਨੂੰ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਬਰਨਾਲਾ ਮਾਨਸਾ ਹੁੰਦੇ ਹੋਏ 12:30 ਮਿੰਟ ਤੇ ਦੁਪਹਿਰ ਮਸਤਾਨਗੜ੍ਹ ਵਿਖੇ ਆਣ ਦਰਸ਼ਨ ਦਿੱਤੇ ਜਿਥੇ ਸ੍ਰੀ ਸਤਿਗੁਰੂ ਜੀ ਦੇ ਘਰ ਦੇ ਨਿਵਾਜੇ ਹੋਏ ਸਿੱਖ ਸੂਬਾ ਮਹਿੰਦਰ ਸਿੰਘ ਅਮਰਾਸਰ ਨਮਿਤ ਭੋਗ ਪਾਇਆ ਜਾਣਾ ਸੀ ਜੋ ਪਿਛਲੇ ਦਿਨੀ ਚੜਾਈ ਕਰ ਗਏ ਸਨ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਜਥੇ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸੂਬਾ ਮਹਿੰਦਰ

ਸਿੰਘ ਜੀ ਨਮਿੱਤ ਪਾਇਆ ਗਿਆ। ਹਰਿਆਣਾ ਦੇ ਕੈਬਨਿਟ ਮੰਤਰੀ ਚੋਧਰੀ ਰਣਜੀਤ ਸਿੰਘ ਵੀ ਉਚੇਚੇ ਕਿਸੇ ਵਿਹਾਰ ਕਾਰਨ ਇਸ ਸਮਾਗਮ ਵਿੱਚ ਹਾਜ਼ਰ ਸਨ। ਇਲਾਕੇ ਦੇ ਮੁਹਤਵਰ ਵਿਅਕਤੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਚੋਧਰੀ ਰਣਜੀਤ ਸਿੰਘ ਨਾਲ ਇਲਾਕੇ ਦੀ ਬੇਹਤਰੀ ਲਈ ਕੁਝ ਵਿਚਾਰ ਵਟਾਦਰਾ ਕੀਤਾ। ਸ੍ਰੀ ਸਤਿਗੁਰੂ ਜੀ ਕੁਝ ਸਮੇਂ ਬਾਅਦ ਪਿੰਡ ਅਮਰਾਸਰ ਵਿਖੇ ਨਾਮਧਾਰੀ ਗੁਰਦੁਆਰਾ ਵਿੱਚ ਸ. ਬਲਰਾਜ ਸਿੰਘ ਦੀ ਧਰਮ ਪਤਨੀ ਬੀਬੀ ਬਲਵਿੰਦਰ ਕੌਰ ਜੋ ਪਿਛਲੇ ਦਿਨੀ ਚੜਾਈ ਕਰ ਗਈ ਸੀ ਉਸ ਨਮਿੱਤ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਬੀਬੀ ਬਲਵਿੰਦਰ ਕੌਰ ਨਮਿੱਤ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪਾਇਆ ਗਿਆ। ਸ. ਗਿਆਨ ਸਿੰਘ ਕੱਕੜ ਨੇ ਸਰਧਾਂਜਲੀ ਭੇਂਟ ਕੀਤੀ। ਏਥੇ ਹੀ ਸ੍ਰੀ ਸਤਿਗੁਰੂ ਜੀ ਵਾਪਸੀ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਨੂਰਪੁਰ ਵਿਖੇ ਬਸੰਤ ਪੰਚਮੀ ਦਾ ਮੇਲਾ

ਜੀਰਾ ਸ਼ਹਿਰ ਦੇ ਬਾਹਰਵਾਰ ਅਤੀ ਸੁੰਦਰ ਬਿਲਡਿੰਗ ਵਿੱਚ ਚੱਲ ਰਹੇ ਪੈਰਾਗਾਈਜ ਸਕੂਲ ਦੇ ਨਾਮ ਨਾਲ ਜਾਣੇ ਜਾਂਦੇ ਹਨ ਪਿੰਡ ਨੂਰਪੁਰ ਦੇ ਵਸਨੀਕ ਸ. ਗੁਰਬਚਨ ਸਿੰਘ ਦੇ ਸਪੁੱਤਰ ਸ. ਹਰਜੀਤ ਸਿੰਘ, ਸੁਖਦੇਵ ਸਿੰਘ ਤੇ ਗੁਰਜੰਟ ਸਿੰਘ ਜੋ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਾਵਨ ਚਰਨਾ ਤੇ ਅਥਾਹ ਸ਼ਰਧਾ ਅਤੇ ਸਤਿਕਾਰ ਰੱਖਦੇ ਹਨ। ਸਮੁੱਚੇ ਪਰਿਵਾਰ ਵਲੋਂ ਕਾਫੀ ਸਮੇਂ ਤੋਂ ਸ੍ਰੀ ਸਤਿਗੁਰੂ ਜੀ ਨੂੰ ਅਰਜ ਬੇਨਤੀ ਕੀਤੀ ਜਾ ਰਹੀ ਸੀ ਕਿ ਸ੍ਰੀ ਸਤਿਗੁਰੂ ਜੀ ਇਲਾਕੇ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਨ ਅਤੇ ਇਲਾਕੇ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਦਾ ਮੇਲਾ ਕੀਤਾ ਜਾ ਸਕੇ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਅਤੇ ਸਾਧ ਸੰਗਤ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ **ਮਿਤੀ 19 ਜਨਵਰੀ 2024 ਦਿਨ ਸ਼ੁੱਕਰਵਾਰ** ਨੂੰ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਲੁਧਿਆਣਾ ਸ਼ਹਿਰ ਦੇ ਵਿਸਕਰਮਾਂ ਕਲੋਨੀ ਦੇ ਸ. ਮਹਿੰਦਰ ਸਿੰਘ ਪੁੱਤਰ ਸ. ਸਵਰਨ ਸਿੰਘ ਦੇ ਨੌਜਵਾਨ ਪੁੱਤਰ ਮਸਤਾਨ ਸਿੰਘ ਦੇ ਚੜਾਈ ਕਰ ਜਾਣ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਏਥੇ ਹੀ ਸ. ਬਲਦੇਵ ਸਿੰਘ ਰਾਗੀ ਕਨੇਡਾ ਤੋਂ ਪਰਿਵਾਰ ਨਾਲ ਰਿਸਤੇਦਾਰੀ ਹੋਣ ਕਾਰਨ ਪਹੁੰਚੇ ਹੋਏ ਸਨ। ਏਥੋਂ ਹੀ ਵਾਇਆ ਮੋਗਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਪਿੰਡ ਨੂਰਪੁਰ ਵਿਖੇ ਦਰਸ਼ਨ ਦਿਤੇ। ਸਟੇਜ ਤੋਂ ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਪ੍ਰਸੰਗ ਆਪਣੇ ਜਥੇ ਸਮੇਤ ਪੇਸ਼ ਕਰ ਚੁੱਕੇ ਸਨ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਜ. ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਮਾਨਵਤਾ ਦੇ ਭਲੇ ਲਈ ਕੀਤੇ ਪਰਉਪਕਾਰਾਂ ਦਾ ਵਰਨਣ ਕੀਤਾ। ਇਲਾਕੇ ਦੀ ਸਾਧ ਸੰਗਤ ਵੱਡੀ ਗਿਣਤੀ ਵਿੱਚ ਹਾਜਰ ਸੀ। ਪਰਿਵਾਰ ਨੇ ਸ. ਗੁਰਬਚਨ ਸਿੰਘ ਦੀ ਅਗਵਾਈ ਵਿੱਚ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਸ੍ਰੀ ਸਤਿਗੁਰੂ ਜੀ ਸਾਰੇ ਘਰਾਂ ਵਿੱਚ ਵੀ ਚਰਨ ਪਾਉਣ ਦੀ ਕਿਰਪਾ ਕੀਤੀ। ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਮਾਈਸਰਖਾਨਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਅਤੇ ਬਸੰਤ ਮੇਲਾ

ਮਾਲਵੇ ਇਲਾਕੇ ਦੀ ਸਾਧ ਸੰਗਤ ਨੂੰ ਇਸ ਸਾਲ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਚੇਚਾ ਸਮਾਂ ਦੇ ਕੇ ਨਿਵਾਜਿਆ ਅਤੇ ਸਾਧ ਸੰਗਤ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਮਨਾਏ ਜਾ ਰਹੇ ਮੇਲਿਆਂ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜ਼ਿਲ੍ਹਾ ਬਠਿੰਡਾ ਦਾ ਮਸ਼ਹੂਰ ਪਿੰਡ ਹੈ ਮਾਈਸਰਖਾਨਾ ਜਿਥੇ **ਮਿਤੀ 20 ਜਨਵਰੀ 2024 ਦਿਨ ਸ਼ਨੀਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬਸੰਤ ਪੁਰਬ ਦੇ ਮੇਲੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਲੱਗਭਗ 10 ਵਜੇ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਬਰਨਾਲਾ, ਰਾਮਪੁਰਾਫੂਲ ਅਤੇ ਮੰਡੀ ਕਲਾਂ ਹੁੰਦੇ ਹੋਏ 12 ਵੱਜ ਕੇ 20 ਮਿੰਟ ਤੇ ਪਿੰਡ ਮਾਈਸਰਖਾਨਾ ਪਹੁੰਚੇ ਜਿਥੇ ਸੂਬਾ ਬਲਜੀਤ ਸਿੰਘ ਮਾਨਸਾ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਮੇਲਾ ਮਨਾਇਆ ਜਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਮੰਚ ਤੇ ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ। ਇਸ ਤੋਂ ਪਹਿਲਾਂ ਕਵੀਸ਼ਰ ਜੋਗਾ ਸਿੰਘ ਭੰਗੂਰ ਆਪਣੇ ਜਥੇ ਸਮੇਤ ਕਵੀਸ਼ਰੀ

ਪ੍ਰਸੰਗ ਸੁਣਾ ਕੇ ਗਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਹੋਏ ਪਰਉਪਕਾਰਾਂ ਦਾ ਵਰਨਣ ਸੰਖੇਪ ਵਿੱਚ ਜ. ਹਰਪਾਲ ਸਿੰਘ ਕਰ ਰਹੇ ਸਨ। ਦੀਵਾਨ ਦੀ ਸਮਾਪਤੀ ਤੋਂ ਪਹਿਲਾਂ ਕਵੀਸ਼ਰ ਦਿਲਬਾਗ ਸਿੰਘ ਵਲਟੋਆ ਦਾ ਜਥਾ ਵੀ ਆਪਣੀ ਹਾਜ਼ਰੀ ਲਵਾ ਚੁੱਕੇ ਸਨ। ਸੂਬਾ ਬਲਜੀਤ ਸਿੰਘ ਮਾਨਸਾ ਨੇ ਮੰਚ ਤੋਂ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਸ਼ੁਕਰਾਨਾ ਕੀਤਾ ਅਤੇ ਨਗਰ ਮਾਈਸਰਖਾਨਾ ਦੇ ਪਿਛੋਕੜ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੇ ਅੰਤ ਸਮੇਂ ਸ੍ਰੀ ਸਤਿਗੁਰੂ ਜੀ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ "ਅੱਜ ਦੇ ਨਸ਼ਿਆਂ ਦੇ ਜੁੱਗ ਵਿੱਚ ਅਸੀਂ ਨਾਮ ਸਿਮਰਨ ਅਤੇ ਗੁਰਬਾਣੀ ਨਾਲ ਜੁੜ ਕੇ ਸੁਖੀ ਜੀਵਨ ਬਤੀਤ ਕਰ ਸਕਦੇ ਹਾਂ ਨੌਜਵਾਨ ਬੱਚੇ-ਬੱਚੀਆਂ ਨੂੰ ਗੁਰਬਾਣੀ ਪੜ੍ਹਨ ਦਾ ਉਚੇਚਾ ਹੁਕਮ ਸ੍ਰੀ ਸਤਿਗੁਰੂ ਜੀ ਨੇ ਕੀਤਾ।" ਇਸ ਸਮਾਗਮ ਸਮੇਂ ਸੂਬਾ ਬਲਬੀਰ ਸਿੰਘ ਢਿਲਵਾਂ, ਸੂਬਾ ਇੰਦਰਜੀਤ ਸਿੰਘ ਮੱਲ, ਸ. ਹਰਜਿੰਦਰ ਸਿੰਘ ਬਠਿੰਡਾ, ਡਾ. ਲਖਵੀਰ ਸਿੰਘ ਰਾਮਪੁਰਾ ਫੂਲ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸੀ।

**ਸੂਬਾ ਬਲਵਿੰਦਰ ਸਿੰਘ ਝੱਲ**

## ਨਿਰਮਲ ਸੰਪ੍ਰਦਾਏ ਦੇ ਸਥਾਨ ਬਧਨੀ ਕਲਾਂ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ

ਜਿਲ੍ਹਾ ਮੋਗਾ ਦੇ ਪਿੰਡ ਬਧਨੀ ਕਲਾਂ ਵਿਖੇ ਨਿਰਮਲ ਸੰਪ੍ਰਦਾਏ ਦਾ ਬਹੁਤ ਸੁੰਦਰ ਅਤੇ ਵਿਸ਼ਾਲ ਸਥਾਨ ਹੈ। ਇਸ ਨਿਰਮਲ ਸੰਪ੍ਰਦਾਏ ਦੇ ਬਹੁਤ ਹੀ ਵਿਦਵਾਨ ਅਤੇ ਸਤਿਕਾਰ ਯੋਗ ਸਖਸ਼ੀਅਤ ਦੇ ਮਾਲਕ ਹਨ ਸੰਤ ਬਾਬਾ ਪ੍ਰਦੀਪ ਸਿੰਘ ਜੀ ਬਧਨੀ ਕਲਾਂ ਜੋ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪ੍ਰਤੀ ਬਹੁਤ ਪਿਆਰ ਅਤੇ ਸਤਿਕਾਰ ਦੀ ਭਾਵਨਾ ਰੱਖਦੇ ਹਨ। ਨਾਮਧਾਰੀ ਮੇਲਿਆਂ ਸਮੇਂ ਵੱਡੇ ਸਮਾਗਮਾਂ ਵਿੱਚ ਸੰਤ ਬਾਬਾ ਪ੍ਰਦੀਪ ਸਿੰਘ ਜੀ ਆਪਣੀ ਵਿਦਵਤਾ ਭਰਭੂਰ ਕਥਾ ਅਤੇ ਵਖਿਆਨ ਕਰਕੇ ਆਪਣੀ ਹਾਜ਼ਰੀ ਲਵਾ ਚੁੱਕੇ ਹਨ। ਇਸ ਕਰਕੇ ਨਾਮਧਾਰੀ ਸੰਗਤ ਵਿੱਚ ਇਸ ਮਹਾਨ ਸਖਸ਼ੀਅਤ ਨੂੰ ਬਹੁਤ ਹੀ ਸਤਕਾਰ ਦਿੱਤਾ ਜਾਂਦਾ ਹੈ। **ਮਿਤੀ 23 ਜਨਵਰੀ 2024 ਦਿਨ ਮੰਗਲਵਾਰ** ਨੂੰ ਪਿੰਡ ਸੈਦੋਕੇ ਵਿਖੇ ਬਸੰਤ ਪੁਰਬ ਮਨਾ ਕੇ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸੰਤ ਬਧਨੀ ਕਲਾਂ ਵਾਲਿਆਂ ਦੇ ਡੇਰੇ ਤੇ ਦਰਸ਼ਨ ਮੇਲਾ ਕਰਕੇ ਜਾਵਾਂਗੇ। ਸੰਤ ਜਸਵੰਤ ਸਿੰਘ ਹਿੰਮਤਪੁਰਾ ਵੀ ਨਾਲ ਸਨ। ਜਿਸ ਸਮੇਂ ਬਾਬਾ ਪ੍ਰਦੀਪ ਸਿੰਘ ਜੀ ਦੇ ਡੇਰੇ ਬਧਨੀ ਕਲਾਂ ਵਿਖੇ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾਂ ਪਹੁੰਚਿਆਂ ਤਾਂ ਬਾਬਾ ਪ੍ਰਦੀਪ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਫੁੱਲ ਮਾਲਾ ਪਹਿਨਾ ਕੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਕੁਝ ਸਮਾਂ ਬੈਠ ਕੇ ਆਪਸੀ ਪ੍ਰੇਮ ਪਿਆਰ ਅਤੇ ਗਿਆਨ ਦੇ ਬਚਨ ਗੋਸਟੀ ਦੇ ਰੂਪ ਵਿੱਚ ਹੋਏ। ਸੰਤ ਬਾਬਾ ਪ੍ਰਦੀਪ ਸਿੰਘ ਜੀ ਦੀ ਅਗਵਾਈ ਵਿੱਚ ਪੈਦਲ ਚੱਲ ਕੇ ਸ੍ਰੀ ਸਤਿਗੁਰੂ ਜੀ ਨੇ ਪੂਰੇ ਡੇਰੇ ਦਾ ਭਰਮਨ ਕੀਤਾ। ਜਿਕਰਯੋਗ ਹੈ ਕਿ ਗਊ ਧਨ ਦੇ ਸਾਂਭ-ਸੰਭਾਲ ਅਤੇ ਸੇਵਾ ਨੂੰ ਸਮਰਪਿਤ ਹੋ ਕੇ ਬਹੁਤ ਵੀ ਵੱਡਾ ਕਾਰਜ ਬਾਬਾ ਪ੍ਰਦੀਪ ਸਿੰਘ ਜੀ ਦੀ ਅਗਵਾਈ ਹੇਠ ਕੀਤਾ ਜਾ ਰਿਹਾ ਹੈ। ਇਸ ਪ੍ਰੇਮ-ਪਿਆਰ ਅਤੇ ਸਨੇਹ ਭਰੀ ਮਿਲਣੀ ਦੀ ਸਮਾਪਤੀ ਸਮੇਂ ਸੰਤ ਬਾਬਾ ਪ੍ਰਦੀਪ ਸਿੰਘ ਜੀ ਵੱਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਚੇਚਾ ਸਨਮਾਨ ਭੇਟ ਆਪਣੀ ਸੰਪ੍ਰਦਾਏ ਵੱਲੋਂ ਕੀਤਾ ਗਿਆ। ਸੰਤ ਬਾਬਾ ਪ੍ਰਦੀਪ ਸਿੰਘ ਜੀ ਬਧਨੀ ਵਾਲਿਆਂ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਦਰਸ਼ਨ ਦੇਣ ਤੇ ਉਚੇਚਾ ਧੰਨਵਾਦ ਕੀਤਾ ਗਿਆ। ਏਥੇ ਹੀ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਨੇ ਪਿੰਡ ਸਿਆੜ੍ਹ ਵਿਖੇ ਦਰਸ਼ਨ ਦਿੱਤੇ

ਜਿਲ੍ਹਾ ਲੁਧਿਆਣਾ ਦੇ ਪਿੰਡ ਸਿਆੜ੍ਹ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕ੍ਰਾਂਤੀਕਾਰੀ ਕਾਰਜ ਕਰਕੇ ਜਾਣਿਆ ਜਾਂਦਾ ਹੈ। ਏਸੇ ਪਿੰਡ ਸਿਆੜ ਵਿਖੇ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ 1 ਜੂਨ 1863 ਈ. ਨੂੰ ਬੀਬੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਮਰਦ ਸਮਾਜ ਦੇ ਬਰਾਬਰ ਦਰਜਾ ਦਿੱਤਾ ਸੀ। ਏਸੇ ਹੀ ਪਿੰਡ ਸਿਆੜ੍ਹ ਦੇ ਸ. ਪਾਲ ਸਿੰਘ ਦੀ ਧਰਮ ਪਤਨੀ ਬੀਬੀ ਰਜਿੰਦਰ ਕੌਰ ਜੋ ਪਿਛਲੇ ਦਿਨੀ ਸਵਰਗਵਾਸ ਹੋ ਗਏ ਸਨ। ਮਾਸਟਰ ਗੁਰਦੇਵ ਸਿੰਘ ਜੀ ਅਤੇ ਸ. ਪਾਲ ਸਿੰਘ ਦੇ ਸ੍ਰੀ ਭੈਣੀ ਸਾਹਿਬ ਆਣ ਕੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ **ਮਿਤੀ 24 ਜਨਵਰੀ 2024 ਦਿਨ ਬੁੱਧਵਾਰ** ਨੂੰ ਪਿੰਡ ਸਿਆੜ੍ਹ ਵਿਖੇ ਬੀਬੀ ਰਜਿੰਦਰ ਕੌਰ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ

ਕੀਤੀ। ਭੋਗ ਸਮਾਗਮ ਨਾਮਧਾਰੀ ਗੁਰਦੁਆਰਾ ਪਿੰਡ ਸਿਆੜ੍ਹ ਵਿਖੇ ਹੋਇਆ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਜ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ ਪਾਵਨ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਬੀਬੀ ਰਜਿੰਦਰ ਕੌਰ ਨਮਿਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਭੋਗ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਪਾਲ ਸਿੰਘ ਦੇ ਸਪੁੱਤਰ ਨੂੰਹ ਅਤੇ ਪੋਤਰੇ ਨੂੰ ਅਸ਼ੀਰਵਾਦ ਦਿੱਤਾ ਅਤੇ ਪੂਰੇ ਪਰਿਵਾਰ ਨੂੰ ਗੁਰਸਿੱਖੀ ਨਾਲ ਜੁੜਨ ਦਾ ਹੁਕਮ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਸੈਦੋਕੇ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਸੰਤ ਮੇਲਾ

ਦੇਸ ਆਜ਼ਾਦੀ ਦੇ ਸੰਘਰਸ਼ ਦੌਰਾਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਲ ਜਲਾਵਤਨ ਕੀਤੇ ਗਏ ਸੂਬਾ ਮਾਨ ਸਿੰਘ ਦਾ ਪਿੰਡ ਹੈ ਸੈਦੋਕੇ ਜੋ ਮਾਲਵੇ ਇਲਾਕੇ ਦੇ ਜ਼ਿਲ੍ਹਾ ਮੋਗਾ ਵਿਖੇ ਪੈਂਦਾ ਹੈ। ਨਾਮਧਾਰੀ ਪੰਥ ਦੇ ਮਸ਼ਹੂਰ ਸੰਤ ਕਰਮ ਸਿੰਘ ਜੀ ਹਿੰਮਤਪੁਰਾ ਵਾਲਿਆਂ ਦੇ ਡੇਰੇ ਤੋਂ ਤਕਰੀਬਨ 4-5 ਕਿਲੋਮੀਟਰ ਦੇ ਫਾਸਲੇ ਤੇ ਛਿਪਦੇ ਵਾਲੇ ਪਾਸੇ ਹੈ। ਜਿੱਥੇ ਪਿੰਡ ਦੇ ਬਾਹਰਵਾਰ ਸੂਬਾ ਮਾਨ ਸਿੰਘ ਜੀ ਦੀ ਯਾਦ ਵਿੱਚ ਸੁੰਦਰ ਧਰਮਸ਼ਾਲਾ ਦਾ ਨਿਰਮਾਣ ਕੀਤਾ ਗਿਆ ਹੈ। ਏਸੇ ਸਥਾਨ ਤੇ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਬਸੰਤ ਦਾ ਮੇਲਾ ਮਨਾਇਆ ਗਿਆ। ਸ੍ਰੀ ਸਤਿਗੁਰੂ ਜੀ **ਮਿਤੀ 23 ਜਨਵਰੀ 2024 ਦਿਨ ਮੰਗਲਵਾਰ** ਨੂੰ ਵਾਇਆ ਲੁਧਿਆਣਾ, ਜਗਰਾਓ ਅਤੇ ਮੋਗਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਪਿੰਡ ਬੁੱਟਰ ਵਿਖੇ ਸ. ਰਜਿੰਦਰ ਸਿੰਘ, ਸੁਖਜੀਤ ਸਿੰਘ ਪੁੱਤਰ ਸ. ਮੱਘਰ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਸੰਦੀਪ ਸਿੰਘ, ਪਰਮਜੀਤ ਸਿੰਘ ਪੁੱਤਰ ਸ. ਰਜਿੰਦਰ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਮੇਲੇ ਵਾਲੇ ਸਥਾਨ ਤੇ ਪਹਿਲਾਂ ਸੰਤ ਕਰਮ ਸਿੰਘ ਜੀ ਦੇ ਡੇਰੇ ਹਿੰਮਤਪੁਰਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਪਿੰਡ ਸੈਦੋਕੇ ਵਿਖੇ ਦਰਸ਼ਨ ਦਿੱਤੇ ਤਾਂ ਮੰਚ ਤੇ ਦਰਸ਼ਨ ਦਿੱਤੇ ਤਾਂ ਕਵੀਸ਼ਰ ਗੁਰਸੇਵਕ ਸਿੰਘ ਆਪਣੇ ਜਥੇ ਸਮੇਤ ਕਵੀਸ਼ਰੀ ਪ੍ਰਸੰਗ ਪੇਸ਼ ਕਰ ਰਹੇ ਸਨ। ਕਵੀਸ਼ਰ ਜੋਗਾ ਸਿੰਘ ਭੰਗੂਰ ਵਿੱਚ ਆਪਣੀ ਹਾਜ਼ਰੀ ਲਵਾ ਚੁੱਕੇ ਸਨ। ਉਪਰੰਤ ਸੰਤ ਨਿਸ਼ਾਨ ਸਿੰਘ ਕਥਾਵਾਚਕ ਸ੍ਰੀ ਭੈਣੀ ਸਾਹਿਬ ਨੇ ਗੁਰ ਇਤਿਹਾਸ ਦੀ ਕਥਾ ਦੁਆਰਾ ਸੰਗਤ ਨੂੰ ਨਿਹਾਲ ਕੀਤਾ। ਪਿੰਡ ਸੈਦੋਕੇ ਦੇ ਉਦਾਸੀ ਡੇਰੇ ਦੇ ਮਹੰਤ ਸੇਵਾਦਾਰ ਸੰਤ ਧਰਮ ਦਾਸ ਜੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਸੰਤ ਖਾਲਸੇ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਸ੍ਰੀ ਸਤਿਗੁਰੂ ਜੀ ਵੱਲੋਂ ਸੰਤ ਧਰਮਦਾਸ ਜੀ ਅਤੇ ਉਹਨਾਂ ਦੇ ਸਪੁੱਤਰ ਦਾ ਸਨਮਾਨ ਆਪਣੇ ਕਰ ਕਮਲਾਂ ਦੁਆਰਾ ਕੀਤਾ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਸੂਬਾ ਸਮਿੰਦਰ ਸਿੰਘ ਸੈਦੋਕੇ ਦੇ ਗ੍ਰਹਿ ਵਿਖੇ ਉਹਨਾਂ ਦੀ ਧਰਮ ਪਤਨੀ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਜੋ ਕਿ ਮੰਜੇ ਤੇ ਬਿਮਾਰ ਅਵਸਥਾ ਵਿੱਚ ਪਏ ਸਨ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਵਾਪਸੀ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿੱਚ ਸਸਰਾਲੀ ਕਲੋਨੀ ਵਿਖੇ ਬਸੰਤ ਮੇਲਾ

ਸਮੁੱਚੇ ਨਾਮਧਾਰੀ ਪੰਥ ਅੰਦਰ ਜਿੱਥੇ ਜਿੱਥੇ ਵੀ ਨਾਮਧਾਰੀ ਸੰਗਤ ਵੱਸਦੀ ਹੈ, ਉੱਥੇ-ਉੱਥੇ ਹੀ ਜੁਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੂਰਬ ਨੂੰ ਬਸੰਤ ਮੇਲਿਆਂ ਦੇ ਰੂਪ ਵਿੱਚ ਮਨਾਇਆ ਜਾ ਰਿਹਾ ਹੈ। ਸ੍ਰੀ ਸਤਿਗੁਰੂ ਜੀ ਦੇ ਹਰਮਨ ਪਿਆਰੇ ਸਿੱਖ ਅਤੇ ਚਰਨ ਸੇਵਕ ਸ੍ਰੀ ਮਾਨ ਸੰਤ ਸਤਨਾਮ ਸਿੰਘ ਜੀ ਸਸਰਾਲੀ ਕਲੋਨੀ ਵਾਲਿਆਂ ਵਲੋਂ ਅਰਜ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪਰਬ ਦੇ ਮੇਲੇ ਸਮੇਂ **ਮਿਤੀ 22 ਜਨਵਰੀ 2024 ਦਿਨ ਸੋਮਵਾਰ** ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਸਰਾਲੀ ਕਲੋਨੀ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਲਾਕਾ ਨਿਵਾਸੀ ਅਤੇ ਹੋਰ ਦੂਰ ਦੁਰੇਡੇ ਦੇ ਇਲਾਕਿਆ ਵਿੱਚੋਂ ਸਾਧ ਸੰਗਤ ਪਹੁੰਚੀ ਹੋਈ ਸੀ। ਜਿਕਰਯੋਗ ਹੈ ਕਿ ਸੰਤ ਸਤਿਨਾਮ ਸਿੰਘ ਸਸਰਾਲੀ ਕਲੋਨੀ ਵਾਲਿਆ ਨੇ ਜਪ ਪ੍ਰਯੋਗ ਸਮੇਂ ਪਵਿੱਤਰ ਗੁਰਬਾਣੀ ਸ੍ਰੀ ਆਦਿ ਗੰਥ ਸਾਹਿਬ ਦੇ ਪੰਜ ਅਖੰਡ ਪਾਠ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਇੱਕ ਅਖੰਡ ਪਾਠ

ਦਾ ਭੋਗ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਪਾਏ ਸਨ। ਇਸ ਦੇ ਨਾਲ ਨੌਜਵਾਨਾਂ ਵਲੋਂ ਨਾਮ ਸਿਮਰਨ ਦੀ ਅਰੰਭ ਕੀਤੀਆਂ 15 ਅਖੰਡ ਵਰਨੀਆਂ ਦੀ ਸਮਾਪਤੀ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਕੀਤੀ ਗਈ। ਇਹ ਸਮੁੱਚਾ ਸਮਾਗਮ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ਆਰੰਭ ਹੋਇਆ। ਸ੍ਰੀ ਸਤਿਗੁਰੂ ਜੀ ਨੇ ਬਾਹਰ ਬਣੇ ਵਿਸ਼ਾਲ ਪੰਡਾਲ ਵਿੱਚ ਦਰਸ਼ਨ ਦਿੱਤੇ ਤਾਂ ਜਥੇਦਾਰ ਗੁਰਲਾਲ ਸਿੰਘ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਦੀਵਾਨ ਦੀ ਸਮਾਪਤੀ ਉਪਰੰਤ ਮੰਚ ਤੇ ਦਾਸ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵੱਖ ਵੱਖ ਬੁਲਾਰਿਆਂ ਨੂੰ ਪੇਸ਼ ਕੀਤਾ। ਜਿੰਨ੍ਹਾਂ ਵਿੱਚੋਂ ਕਿਸਾਨ ਆਗੂ ਸਰਦਾਰ ਗੁਰਨਾਮ ਸਿੰਘ ਚੜੂਨੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਦੇਸ਼ ਆਜ਼ਾਦੀ ਲਈ ਕੂਕਾ ਅੰਦੋਲਨ ਦਾ ਜ਼ਿਕਰ ਕੀਤਾ। ਉਪਰੰਤ ਸੰਤ ਨਿਸ਼ਾਨ ਸਿੰਘ ਕਥਾਵਾਚਕ ਸ੍ਰੀ ਭੈਣੀ ਸਾਹਿਬ, ਸੇਵਕ ਹਰਪਾਲ ਸਿੰਘ ਨੇ ਆਪਣੇ ਵਿਚਾਰ ਰੱਖੇ। ਅੱਜ ਦੇ ਵਿਸੇਸ਼ ਬੁਲਾਰੇ ਪੰਜਾਬੀ ਸਾਹਿਤ ਦੀ ਸਤਿਕਾਰਯੋਗ ਹਸਤੀ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਨੇ ਆਪਣੇ ਭਾਸ਼ਣ ਦੁਆਰਾ ਸਰੋਤਿਆਂ ਨੂੰ ਆਪਣੇ ਇਤਿਹਾਸ ਨਾਲ ਜੋੜਿਆ ਅਤੇ ਨਾਮਧਾਰੀ ਪੰਥ ਦੀ ਸੰਗੀਤ ਪ੍ਰਤੀ ਦੇਣ ਅਤੇ ਪੰਜਾਬੀ ਵਿਦਵਾਨਾਂ ਦੀ ਸਾਂਭ ਸੰਭਾਲ ਲਈ ਨਾਮਧਾਰੀ ਦਾ ਉਚੇਚਾ ਧੰਨਵਾਦ ਕੀਤਾ।ਸਮੁੱਚੇ ਪ੍ਰੋਗਰਾਮ ਲਈ ਪ੍ਰਬੰਧਕਾਂ ਵਲੋਂ ਉਚੇਚੀ ਤਿਆਰੀ ਕੀਤੀ ਗਈ ਸੀ। ਇਸ ਸਮੇਂ ਹਲਕਾ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਅਤੇ ਸੰਤ ਜਸਵੰਤ ਸਿੰਘ ਹਿੰਮਤਪੁਰਾ ਵੀ ਪਹੁੰਚੇ ਹੋਏ ਸਨ। ਮੰਚ ਤੇ ਸਾਰੇ ਮਹਿਮਾਨਾਂ ਦਾ ਸੁਆਗਤ ਅਤੇ ਸਨਮਾਨ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਨਾਲ ਕੀਤਾ ਗਿਆ। ਪ੍ਰੋਗਰਾਮ ਦੀ ਸਮਾਪਤੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਕੁਝ ਕੁ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਪਾ ਕੀਤੀ ਅਤੇ ਵਾਪਿਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

......................................................

## ਮੇਲਾ ਬਸੰਤ ਪੰਚਮੀ

ਯਮਨਾ ਨਗਰ- **29 ਜਨਵਰੀ 2024 ਦਿਨ ਸੋਮਵਾਰ** ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ ਨਾਮਧਾਰੀ ਸਾਧ ਸੰਗਤ ਵਲੋਂ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਆਪਣੇ ਜਥੇ ਨਾਲ ਮਿਲ ਕੇ ਕੀਤਾ। 5:30 ਤੋਂ 7:30 ਤੱਕ ਵਾਰ ਵਿੱਚ ਨਾਮਧਾਰੀ ਸੰਗਤ ਦੂਰੋਂ ਨੇੜਿਓ ਬੜੇ ਉਤਸ਼ਾਹ ਨਾਲ ਪਹੁੰਚੀ ਹੋਈ ਸੀ। ਜਗਜੀਤ ਮੰਦਰ ਹਾਲ ਪੂਰਾ ਭਰਿਆ ਹੋਇਆ ਸੀ। 7:30 ਵਜੇ ਆਸਾ ਦੀ ਵਾਰ ਦੀ ਸਮਾਪਤੀ ਹੋਈ। ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਿਆ। ਦੁਬਾਰਾ ਫਿਰ 9:30 ਮੇਲੇ ਦੀ ਆਰੰਭਤਾ ਬੀਬੀ ਦੇ ਸਥਾਨਕ ਜਥੇ ਦੇ ਨਾਲ ਦੀਵਾਨ ਆਰੰਭ ਕੀਤਾ ਜੋ ਕਿ ਬਾਹਰ ਮੇਨ ਰੋਡ ਤੇ ਇਕ ਵਿਸ਼ਾਲ ਪੰਡਾਲ ਦੇ ਰੂਪ ਬਹੁਤ ਵਧੀਆ ਸਜਾਵਟ ਕਰਕੇ ਤਿਆਰ ਕੀਤਾ ਹੋਇਆ ਸੀ। 10:30 ਬੀਬੀਆਂ ਦੇ ਦੀਵਾਨ ਤੋਂ ਬਾਅਦ ਜਥੇਦਾਰ ਹਰਪ੍ਰੀਤ ਸਿੰਘ ਜੀ ਪਾਣੀਪਤ ਵਾਲੇ ਉਚੇਚੇ ਤੌਰ ਤੇ ਪਹੁੰਚੇ ਹੋਏ ਸੀ। ਅੱਧਾ ਘੰਟਾ ਉਹਨਾਂ ਵੀ ਦੀਵਾਨ ਰਾਹੀ ਹਾਜ਼ਰੀ ਭਰੀ। ਉਪਰੰਤ ਜਥੇਦਾਰ ਗੁਰਲਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਾਲਿਆਂ ਆਪਣੇ ਦੀਵਾਨ ਦੀ ਆਰੰਭਤਾ ਕੀਤੀ। ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਅਨੇਕਾ ਹੀ ਕੌਤਕ ਸਾਧ ਸੰਗਤ ਨੂੰ ਬੜੇ ਸੋਹਣੇ ਢੰਗ ਨਾਲ ਸਰਵਣ ਕਰਵਾਏ। 12 ਕੁ ਵਜੇ ਸੰਦੇਸ਼ ਆਇਆ ਕਿ ਸਤਿਗੁਰੂ ਜੀ ਥੋੜੇ ਹੀ ਸਮੇਂ ਵਿਚ ਦਰਸ਼ਨ ਦੇਣ ਗੇ। ਸਤਿਗੁਰੂ ਜੀ ਦਾ ਡੇਰਾ ਪ੍ਰਧਾਨ ਗੁਰਮੀਤ ਸਿੰਘ ਸਪੁੱਤਰ ਜਥੇਦਾਰ ਪਿਆਰਾ ਸਿੰਘ ਜੀ ਦੇ ਗ੍ਰਿਹਿ ਵਿਖੇ ਸੀ। ਉਥੋਂ ਹੀ ਪ੍ਰਸ਼ਾਦਾ ਪਾਣੀ ਛੱਕ ਕੇ ਸਤਿਗੁਰੂ ਜੀ ਨੇ 12:15 ਮਿੰਟ ਤੇ ਪੰਡਾਲ ਵਿੱਚ ਆ ਕੇ ਸਾਰੀ ਸੰਗਤ ਨੂੰ ਦਰਸ਼ਨ ਦਿੱਤੇ। ਸਾਧ ਸੰਗਤ ਨੇ ਸਤਿਗੁਰੂ ਜੀ ਨੂੰ ਸ਼ਰਧਾ ਨਾਲ ਮੱਥਾ ਟੇਕਿਆ। ਸਤਿਗੁਰੂ ਜੀ ਨੇ ਸ. ਗੁਰਬਾਜ ਸਿੰਘ, ਨਸੀਬ ਸਿੰਘ ਟਰਾਸਪੋਰਟ ਵਾਲੇ ਤੇ ਕਈ ਹੋਰ ਆਏ ਹੋਏ ਪਤਵੰਤੇ ਸੱਜਣਾਂ ਨੂੰ ਮਾਲਾ ਪਾ ਕੇ ਸਨਮਾਨਿਤ ਕੀਤਾ। ਸਤਿਗੁਰੂ ਜੀ ਨੇ ਸਾਧ ਸੰਗਤ ਉਪਦੇਸ਼ ਦੇਣ ਦੀ ਕਿਰਪਾ ਕੀਤੀ। ਉਪਰੰਤ ਸੂਬਾ ਬਲਵਿੰਦਰ ਸਿੰਘ ਝੱਲ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ।



**ਗੁਰਬਚਨ ਸਿੰਘ ਕਿਆਂਪੁਰੀਆ**

## ਬਸੰਤ ਮੇਲਾ ਦਿੱਲੀ
### ਕੇਂਦਰ ਸਰਕਾਰ ਵਲੋਂ
### ਸਤਿਗੁਰੂ ਰਾਮ ਸਿੰਘ ਯਾਦਗਾਰੀ ਸਿੱਕਾ ਜਾਰੀ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਸੰਗਤ ਦਿੱਲੀ ਵਲੋਂ ਆਜ਼ਾਦੀ ਅੰਦੋਲਨ ਦੇ ਮੋਢੀ ਅਤੇ ਨਾਮਧਾਰੀ ਸਿੱਖ ਪੰਥ ਦੇ ਰੂਹੇ ਰਵਾਂ ਸਤਿਗੁਰੂ ਰਾਮ ਸਿੰਘ ਜੀ ਦਾ 208ਵਾਂ ਪ੍ਰਕਾਸ਼ ਪੁਰਬ 'ਬਸੰਤ ਪੰਚਮੀ' 10 ਅਤੇ 11 ਫਰਵਰੀ 2024 ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ, ਦਿੱਲੀ ਵਿਖੇ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਪ੍ਰਕਾਸ਼ ਪੁਰਬ ਸਮਾਗਮਾਂ ਦੀ ਸ਼ੁਰੂਆਤ 10 ਫਰਵਰੀ ਨੂੰ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮ ਸਿਮਰਨ, ਕਥਾ ਕੀਰਤਨ ਨਾਲ ਹੋਈ। ਇਸ ਦੌਰਾਨ ਰਾਗੀ ਸਾਜਨ ਸਿੰਘ ਜੀ ਤੋ ਸਿੱਖਿਆ ਪ੍ਰਾਪਤ ਕਰ ਰਹੇ ਪੰਜ ਤੋਂ 12 ਸਾਲ ਦੀ ਉਮਰ ਦੇ ਬੱਚਿਆਂ ਨੇ ਸੰਗੀਤ ਦੀ ਪੇਸ਼ਕਾਰੀ ਦਿੱਤੀ। ਇਸ ਤੋਂ ਬਾਦ ਸ਼ਹੀਦ ਬਿਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਦਿੱਲੀ ਦੇ ਵਿਦਿਆਰਥੀਆਂ ਵਲੋਂ ਕੀਰਤਨ ਦੀਵਾਨ ਸਜਾਏ ਗਏ ਅਤੇ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਅਧਿਆਪਕਾਂ ਨੂੰ ਸਤਿਗੁਰੂ ਜੀ ਵਲੋਂ ਇਨਾਮ ਨਾਲ ਨਿਵਾਜਿਆ ਗਿਆ। ਨੌਜਵਾਨ ਬੱਚੀਆਂ ਅਤੇ ਬੀਬੀਆਂ ਵਲੋਂ ਤੰਤੀ ਸਾਜ਼ਾਂ ਨਾਲ ਗੁਰਬਾਣੀ ਦਾ ਗਾਇਨ ਕੀਤਾ ਗਿਆ। ਪਹਿਲੇ ਦਿਨ ਇਸ ਸਮਾਗਮ ਵਿੱਚ ਦਿੱਲੀ ਸਰਕਾਰ ਦੇ ਜਰਨੈਲ ਸਿੰਘ,  ਸ਼ਿਵ ਚਰਨ ਗੋਇਲ, ਪਦਮ ਸ੍ਰੀ ਜਤਿੰਦਰ ਸਿੰਘ ਸ਼ੰਟੀ, ਬੀਬੀ ਰਣਜੀਤ ਕੌਰ (ਪ੍ਰਧਾਨ ਅਕਾਲੀ ਦਲ ਇਸਤਰੀ), ਅਲਕਾ ਢੀਂਗਰਾ (ਕੌਂਸਲਰ), ਸ਼ਿਲਪਾ ਕੌਰ (ਕੌਂਸਲਰ) ਅਤੇ ਹੋਰ ਪਤਵੰਤੇ ਸੱਜਣਾ ਵਲੋਂ ਵੀ ਗੁਰੂ ਚਰਨਾਂ ਵਿਚ ਹਾਜ਼ਰੀ ਭਰੀ ਗਈ।

11 ਫਰਵਰੀ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਗਾਇਨ ਹਜ਼ੂਰੀ ਰਾਗੀ ਬਲਵੰਤ ਸਿੰਘ, ਰਾਗੀ ਹਰਪ੍ਰੀਤ ਸਿੰਘ ਅਤੇ ਸਾਥੀਆਂ ਵਲੋਂ ਕੀਤਾ ਗਿਆ। ਉਪਰੰਤ ਦਮਦਮੀ ਟਕਸਾਲ ਦੇ ਗਿਆਨੀ ਪੂਰਨ ਸਿੰਘ ਜੀ ਵਲੋਂ ਬਹੁਤ ਹੀ ਵਿਦਵਤਾ ਪੂਰਨ ਬਚਨਾਂ ਨਾਲ ਸਾਧ ਸੰਗਤ ਨੂੰ ਨਿਹਾਲ ਕੀਤਾ ਗਿਆ। ਵਾਲਮੀਕ ਮੰਦਿਰ ਦਿੱਲੀ ਦੇ ਪ੍ਰਮੁੱਖ ਮਹਾਂ ਮੰਡਲੇਸ਼ਵਰ ਜੀ ਵਲੋਂ ਵੀ ਸੰਖੇਪ ਵਿਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਭਾਵਪੂਰਤ ਸ਼ਬਦ ਆਖੇ ਗਏ। ਇਸ ਸਮੇਂ ਪੂਰਨ ਗੁਰਮਰਯਾਦਾ ਅਨੁਸਾਰ ਇੱਕ ਜੋੜੇ ਦਾ ਅਨੰਦ ਕਾਰਜ ਵੀ ਹੋਇਆ।

ਸ਼ਾਮ ਦੇ ਪ੍ਰੋਗਰਾਮ ਸਮੇਂ ਭਾਰਤ ਸਰਕਾਰ ਦੇ ਵਿਦੇਸ਼ ਰਾਜ ਮੰਤਰੀ ਸ੍ਰੀਮਤੀ ਮੀਨਾਕਸ਼ੀ ਲੇਖੀ ਨੇ ਸਤਿਗੁਰੂ ਜੀ ਦੇ ਚਰਨ ਪਰਸੇ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਸਮਰਪਿਤ 10 ਰੁਪਏ ਤੇ 200 ਰੁਪਏ ਦਾ ਯਾਦਗਾਰੀ ਸਿੱਕਾ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਵਿਚ ਧਾਰਮਿਕ ਤੇ ਰਾਜਸੀ ਆਗੂਆਂ, ਜਿਨ੍ਹਾਂ ਵਿਚ ਸੰਤ ਬਲਜੀਤ ਸਿੰਘ ਦਾਦੂਵਾਲ, ਮਨਜਿੰਦਰ ਸਿੰਘ ਸਿਰਸਾ, ਦਿੱਲੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਕਪਿਲ ਖੰਨਾ (ਪ੍ਰਧਾਨ ਵਿਸ਼ਵ ਹਿੰਦੂ ਪਰਿਸ਼ਦ ਦਿੱਲੀ) ਅਤੇ ਹੋਰ ਪਤਵੰਤੇ ਸੱਜਣਾ ਵਲੋਂ ਵੀ ਗੁਰੂ ਚਰਨਾਂ ਵਿਚ ਹਾਜ਼ਰੀ ਭਰੀ ਗਈ। ਇਸ ਪੁਰਬ ਸਮੇਂ ਸਤਿਗੁਰੂ ਜੀ ਦੇ ਵਰੋਸਾਏ ਨਾਮਧਾਰੀ ਪੰਥ ਦੇ ਉੱਘੇ ਲੇਖਕ ਅਤੇ ਬੁਲਾਰੇ ਸ. ਸੁਵਰਨ ਸਿੰਘ ਵਿਰਕ ਕਰੀਵਾਲਾ, ਨਾਮੀ ਚਿੰਤਕ ਅਤੇ ਬੁਲਾਰੇ ਡਾ. ਸੁਮੇਲ ਸਿੰਘ ਸਿੱਧੂ, ਗੁਰਲਾਲ ਸਿੰਘ ਗਿੱਲ ਅਤੇ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਭਾਰਤ ਦੀ ਜੰਗੇ ਆਜ਼ਾਦੀ ਵਿਚ ਉਹਨਾਂ ਵਲੋਂ ਪਾਏ ਮੋਹਰੀ ਯੋਗਦਾਨ ਬਾਰੇ ਸਾਧ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਦਿੱਲੀ ਸਰਕਾਰ ਵਿਚ ਚੀਫ਼ ਪ੍ਰਾਸੀਕਿਊਟਰ ਵਜੋਂ ਸੇਵਾਵਾਂ ਨਿਭਾਅ ਰਹੇ ਸ. ਗੁਰਭੇਜ ਸਿੰਘ ਗੁਰਾਇਆ ਅਤੇ ਨਾਮਧਾਰੀ ਆਗੂ ਸ. ਜਸਵੰਤ ਸਿੰਘ ਵਲੋਂ ਪਰਬੰਧਕਾਂ ਦੇ ਸਹਿਯੋਗ ਨਾਲ ਇਸ ਸਮਾਗਮ ਦੀ ਸਫਲਤਾ ਲਈ ਭਰਪੂਰ ਯੋਗਦਾਨ ਪਾਇਆ ਗਿਆ। ਇਸ ਮੌਕੇ ਤੇ ਲੁਧਿਆਣਾ ਤੋਂ ਸੁਰਿੰਦਰ ਸਿੰਘ ਲਾਇਲ, ਸੂਬਾ ਹਰਭਜਨ ਸਿੰਘ, ਅਜੀਤ ਸਿੰਘ ਨਾਮਧਾਰੀ ਅਤੇ ਹੋਰ ਵੀ ਪਤਵੰਤੇ ਸੱਜਣ ਹਾਜਰ ਸਨ। ਸਟੇਜ ਸਕੱਤਰ ਦੀ ਸੇਵਾ ਨਿਸ਼ਾਨ ਸਿੰਘ ਦਿੱਲੀ ਨੇ ਨਿਭਾਈ।

**ਨਿਸ਼ਾਨ ਸਿੰਘ**

## ਬਸੰਤ ਪੰਚਮੀ ਮੇਲਾ ਸ੍ਰੀ ਭੈਣੀ ਸਾਹਿਬ

**14 ਫਰਵਰੀ 2024** ਅੱਜ ਤੋਂ 208 ਸਾਲ ਪਹਿਲਾਂ ਮਾਘ ਸੁਦੀ ਪੰਚਮੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਿਤਾ ਜੱਸਾ ਸਿੰਘ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਰਾਈਆਂ ਪਿੰਡ ਅਵਤ੍ਰਿਤ ਹੋਏ। ਮਨੁੱਖੀ ਦਿਲਾਂ ਦੀ ਪੱਤਝੜ ਖਤਮ ਕਰਨ ਲਈ ਬਹਾਰ ਦਾ ਮਾਲਕ ਆਪ ਅਵਤਾਰ ਧਾਰ ਧਰਤੀ 'ਤੇ ਆਇਆ। ਬਸੰਤ ਰੁਤਾਂ ਦੀ ਰਾਣੀ ਰੁੱਤ ਹੈ, ਜੋ ਕੱਕਰ ਦੀ ਮਾਰ ਝੱਲ ਰਹੀ ਬਨਸਪਤੀ ਵਿੱਚ ਨਵੀਂ ਉਮੰਗ ਲੈ ਕੇ

ਆਉਂਦੀ ਹੈ। ਇਸ ਤਰ੍ਹਾਂ ਦਾ ਹੀ ਜੀਵਨ ਸੰਚਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੰਜਾਬ ਦੇ ਰੁੰਡ-ਮੁੰਡ ਹੋਏ ਸਿੱਖੀ ਬਾਗ ਅੰਦਰ ਲੈ ਕੇ ਆਏ। ਆਪ ਦਾ ਕਥਨ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ਾਲ ਸਿੱਖੀ ਵਿਚੋਂ ਢਾਈ ਸਿੱਖ ਹੀ ਮਿਲੇ ਜੋ ਪੂਰਨ ਗੁਰਸਿੱਖ ਸੀ। ਆਪ ਨੇ ਪੰਜਾਬ ਦੇ ਪਿੰਡ-ਪਿੰਡ ਜਾ ਕੇ ਨੌਜਵਾਨਾਂ ਨੂੰ ਮੁੜ ਪ੍ਰੇਰਿਤ ਕਰ ਸਿੱਖੀ ਦੀ ਮੂਲ ਧਾਰਾ ਵਿੱਚ ਸ਼ਾਮਲ ਕੀਤਾ। ਆਪ ਨੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਵਿਢਿਆ ਨਾ ਮਿਲਵਰਤਨ ਨੂੰ ਸਿਆਸੀ ਹਥਿਆਰ ਵਜੋਂ ਵਰਤ ਕੇ ਸੰਸਾਰ ਨੂੰ ਰਾਜਾਸ਼ਾਹੀ ਤਾਨਾਸ਼ਾਹੀ ਖਿਲਾਫ਼ ਲੜਣ ਦਾ ਨਵਾਂ ਢੰਗ ਦਿੱਤਾ। ਇਸ ਵਾਰੀ ਬਸੰਤ ਵਾਲੇ ਦਿਨ ਹੀ ਬਾਰਾਂ ਅਨੰਦ ਕਾਰਜ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਕੀਤੇ ਗਏ। 11 ਵਜੇ ਪ੍ਰੋਗਰਾਮ ਆਰੰਭ ਹੋਇਆ ਸਭ ਤੋਂ ਪਹਿਲਾਂ ਕਵੀਸ਼ਰ ਗੁਰਸੇਵਕ ਸਿੰਘ ਨੇ ਆਪਣੇ ਜਥੇ ਨਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜੱਸ ਕੀਤਾ ਉਪਰੰਤ ਜਥੇ. ਕਮਾਲ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਅੰਗਰੇਜ਼ ਖਿਲਾਫ਼ ਅਪਣਾਈਆਂ ਨੀਤੀਆਂ ਬਾਰੇ ਆਪਣੇ ਵਿਚਾਰ ਵਿਅਕਤ ਕੀਤੇ। ਕੀਰਤਨ ਦੌਰਾਨ ਹਜ਼ੂਰੀ ਰਾਗੀਆਂ ਨੇ ਇੰਦਰ ਸਿੰਘ ਚੱਕ੍ਰਵਰਤੀ ਦਾ ਲਿਖਿਆ ਗੀਤ "ਸੋਹਣਿਆ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ ਪੜ੍ਹਿਆ।" ਉਪਰੰਤ ਗੁਰਲਾਲ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਬਾਰੇ ਵਿਚਾਰ ਸੰਗਤ ਸਾਹਮਣੇ ਰੱਖੇ, ਗੁਰਲਾਲ ਸਿੰਘ ਨੇ ਦੱਸਿਆ ਕਿਵੇਂ ਸਿੱਖੀ ਤੋਂ ਮੁਨਕਰ ਹੋਏ ਨੌਜਵਾਨਾਂ ਨੂੰ ਸਤਿਗੁਰੂ ਜੀ ਨੇ ਮੁੱਖ ਧਾਰਾ ਵਿੱਚ ਵਾਪਸੀ ਕਰਾਈ। ਗੁਰਬਾਣੀ ਦਾ ਸਤਿਕਾਰ, ਨਾਮ, ਇਸ਼ਨਾਨ ਸੁੱਚ ਸੰਜਮ ਦ੍ਰਿੜ ਕਰਵਾਇਆ। ਸਤਿਗੁਰੂ ਜੀ ਸਿਖੀ ਮਾਨਸਿਕਤਾ ਜਿਸ ਵਿੱਚ ਦਲੇਰੀ ਹੈ, ਸਵੈ ਭਰੋਸਾ ਹੈ ਅਤੇ ਬੇਅਦੀਨਗੀ ਹੈ ਇਸ ਜ਼ਜਬੇ ਨਾਲ ਪ੍ਰਫੁੱਲਤ ਨੌਜਵਾਨ ਦੀ ਘਾੜਤ ਘੜ ਰਹੇ ਸਨ ਜੋ ਆਪਣੇ ਦੇਸ਼ ਕੌਮ ਲਈ ਸਦਾ ਹੀ ਲਾਭਕਾਰੀ ਹੈ। ਪੰਜਾਬ ਸਰਕਾਰ ਵਲੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਇਸ ਪ੍ਰੋਗਰਾਮ ਵਿੱਚ ਪਹੁੰਚੇ। ਉਨ੍ਹਾਂ ਗੱਲਬਾਤ ਕਰਦਿਆਂ ਦੱਸਿਆ ਕਿ ਮੈਂ ਸਦਾ ਹੀ ਉਤਸ਼ਾਹ ਵਿੱਚ ਰਹਿੰਦਾ ਹਾਂ ਭੈਣੀ ਸਾਹਿਬ ਆਉਣ ਲਈ। ਮੁੱਖ ਮੰਤਰੀ ਸਾਹਿਬ ਨੂੰ ਮੈਂ ਪਹਿਲਾਂ ਕਹਿ ਦਿੱਤਾ ਸੀ ਕਿ ਭੈਣੀ ਸਾਹਿਬ ਜਾਣ ਦੀ ਜਿੰਮੇਵਾਰੀ ਮੇਰੇ ਜਿੰਮੇ ਲਾਈ ਜਾਵੇ। ਮੈਨੂੰ ਬੜਾ ਆਨੰਦ ਆਇਆ ਕੀਰਤਨ ਸੁਨਣ ਦਾ ਅੱਜ ਖੁਸ਼ੀ ਦਾ ਸਮਾਂ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਨ੍ਹਾਂ ਨੇ ਆਜ਼ਾਦੀ ਦਾ ਰਸਤਾ ਪੰਜਾਬੀਆਂ ਨੂੰ ਦਿਖਾਇਆ ਉਨ੍ਹਾਂ ਦੀ ਸੋਚ ਨੇ ਹੀ ਦੇਸ਼ ਨੂੰ ਆਜ਼ਾਦੀ ਦਾ ਸੁੱਖ ਦਿੱਤਾ। ਕੁਲਤਾਰ ਸਿੰਘ ਸੰਧਵਾਂ ਨਾਲ ਹਲਕਾ ਸਾਹਣੇਵਾਲ ਦੇ ਐਮ.ਐਲ.ਏ ਹਰਦੀਪ ਸਿੰਘ ਮੁੰਡੀਆਂ ਵੀ ਪਹੁੰਚੇ ਸਨ ਸ੍ਰੀ ਸਤਿਗੁਰੂ ਜੀ ਨੇ ਸਾਰੇ ਆਏ ਰਾਜਨੀਤਿਕ ਅਤੇ ਧਾਰਮਿਕ ਸਖ਼ਸ਼ੀਅਤਾਂ ਦਾ ਮਾਨ ਸਨਮਾਣ ਕੀਤਾ। ਸੰਧਵਾਂ ਸਾਹਿਬ ਨੇ ਸ੍ਰੀ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਂ ਇਕ ਸ਼ਬਦ ਹੋਰ ਸੁਨਣਾ ਚਾਹੁੰਦਾ ਹਾਂ ਹਜ਼ੂਰੀ ਰਾਗੀ ਸਿੰਘਾਂ ਨੇ ਫਿਰ ਕੀਰਤਨ ਕੀਤਾ ਅਤੇ ਫਿਰ ਪ੍ਰੋਗਰਾਮ ਦੀ ਸਮਾਪਤੀ ਦੀ ਅਰਦਾਸ ਹੋਈ। ਸ੍ਰੀ ਭੈਣੀ ਸਾਹਿਬ ਬਸੰਤ ਦੀ ਖੁਸ਼ੀ ਵਿੱਚ ਸਾਰਾ ਸਜਿਆ ਹੋਇਆ ਸੀ। ਲੰਗਰ ਵਿੱਚ ਮਿਠਾਸ ਪਦਾਰਥ ਬਣੇ ਅੱਜ ਵੱਡੀ ਗਿਣਤੀ ਵਿੱਚ ਸਾਧ ਸੰਗਤ ਨੇ ਰਾਈਆਂ ਪ੍ਰਕਾਸ਼ ਅਸਥਾਨ 'ਤੇ ਅਤੇ ਅਕਾਲ ਬੁੰਗੇ ਦਰਸ਼ਨ ਕੀਤੇ।

**ਸੰਪਾਦਕ**

.....................................................

## Book Review

**'ਲੇਖੇ ਆਵਹਿ ਭਾਗ'** ਡਾ. ਹਰਮਿੰਦਰ ਸਿੰਘ ਬੇਦੀ ਦੇ ਬਚਪਨ ਤੋਂ ਲੈ ਕੇ ਹੁਣ ਤੱਕ ਦੀ ਅਕਾਦਮਿਕ ਅਤੇ ਨਿੱਜੀ ਜਦੋ-ਜਹਿਦ ਦਾ ਬਿਰਤਾਂਤ ਹੈ।ਡਾ. ਬੇਦੀ ਨੇ ਜਿੱਥੇ ਆਪਣੀਆਂ ਅਕਾਦਮਿਕ ਜਿੰਮੇਵਾਰੀਆਂ ਨੂੰ ਬੜੀ ਸ਼ਿੱਦਤ ਨਾਲ ਨਿਭਾਇਆ ਓਥੇ ਉਹ ਇੱਕ ਸਫ਼ਲ ਪੁੱਤ, ਪਿਤਾ ਅਤੇ ਪਤੀ ਵੀ ਸਾਬਿਤ ਹੋਏ। ਡਾ. ਬੇਦੀ ਦੇ ਪੁਰਖਿਆਂ ਦਾ ਸੰਬੰਧ 'ਡੇਰਾ ਬਾਬਾ ਨਾਨਕ' ਨਾਲ ਸੀ ਅਤੇ ਇਸ ਤਰਾਂ ਡਾ. ਬੇਦੀ ਦਾ ਵੰਸ਼ ਬਾਬਾ ਨਾਨਕ ਨਾਲ ਜਾ ਜੁੜਦਾ ਹੈ। ਡਾ ਬੇਦੀ ਨੇ 'ਲੇਖੇ ਆਵਹਿ ਭਾਗ' ਵਿੱਚ ਆਪਣੇ ਬਚਪਨ ਦੀ ਬਹੁਤ ਖੂਬਸੂਰਤ ਤਸਵੀਰ ਉਲੀਕੀ ਹੈ। ਪੰਜਾਂ ਭੈਣ ਭਰਾਵਾਂ ਨੇ ਪਿੰਡ ਵਿੱਚ ਰਹਿੰਦੇ ਹੋਏ ਕੁਦਰਤ ਦੀ ਉਸ ਖੂਬਸੂਰਤ ਅਨਾਮਤ ਨੂੰ ਮਾਣਿਆ ਜੋ ਸਿਰਫ ਪਿੰਡ ਵਿੱਚ ਜੰਮੇ-ਪਲਿਆਂ ਦੀ ਕਿਸਮਤ ਵਿੱਚ ਸੰਭਵ ਹੁੰਦੀ ਹੈ। ਡਾ ਬੇਦੀ ਆਪਣੇ ਪਰਿਵਾਰ ਦੀ ਤੰਦਰੁਸਤੀ ਦਾ ਜ਼ਿਕਰ ਕਰਦੇ ਹੋਏ ਆਪਣੇ ਪਿਤਾ ਅੱਗੇ ਨਤਮਸਤਕ ਹੁੰਦੇ ਲਿਖਦੇ ਹਨ ਕਿ ਕਿਵੇਂ ਓਹਨਾਂ ਦੇ ਪਿਤਾ ਪਸ਼ੂ ਪਾਲਣ ਦਾ ਕੰਮ ਕਰਦੇ ਹੋਏ ਅਤੇ ਸਾਰੇ ਪਰਿਵਾਰ ਨੂੰ ਦੁੱਧ-ਮੱਖਣਾਂ ਨਾਲ ਪਾਲਿਆ। ਘਰ ਦਾ ਮਾਹੌਲ ਪੜ੍ਹਨ ਲਿਖਣ ਵਾਲਾ ਸੀ ਅਤੇ ਇਸੇ ਕਾਰਨ ਸਾਰੇ ਭੈਣ ਭਰਾ ਚੰਗੀ ਤਰਾਂ ਪੜ੍ਹੇ। 'ਲ਼ੇਖੇ ਆਵਹਿ ਭਾਗ' ਵਿੱਚ ਜ਼ਿਕਰ ਕਰਦੇ ਡਾ. ਬੇਦੀ ਲਿਖਦੇ ਹਨ ਕਿ ਪਰਮਾਤਮਾ ਦੀ ਮਿਹਰਬਾਨੀ ਨਾਲ


ਉਹ ਸਾਰੇ ਭੈਣ ਭਰਾ ਚੰਗੇ ਅਹੁਦਿਆਂ ਤੱਕ ਪਹੁੰਚੇ।

ਬੇਦੀ ਸਾਹਿਬ ਆਪਣੇ ਸਕੂਲ ਸਮੇਂ ਦੌਰਾਨ ਵੱਖ-ਵੱਖ ਸ਼ਖਸੀਅਤਾਂ ਤੋ ਪ੍ਰਭਾਵ ਕਬੂਲਦੇ ਰਹੇ ਇਸ ਸਮੇਂ ਦੌਰਾਨ ਓਹ ਮਾਸਟਰ ਮਿਲਖਾ ਸਿੰਘ ਤੋਂ ਕਾਫੀ ਪ੍ਰਭਾਵਿਤ ਹੋਏ। ਬੀ.ਏ ਦੀ ਪੜ੍ਹਾਈ ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਕੀਤੀ। ਇਸੇ ਸਮੇਂ ਦੌਰਾਨ ਹਿੰਦੀ ਕਵਿਤਾਵਾਂ ਲਿਖਣ ਦਾ ਸਿਲਸਿਲਾ ਸ਼ੁਰੂ ਕੀਤਾ ਜੋ ਹੁਣ ਤੱਕ ਉਸੇ ਤਰਾਂ ਜਾਰੀ ਹੈ।

ਡਾ. ਬੇਦੀ ਨੇ ਆਪਣੀ ਐਮ. ਏ. ਹਿੰਦੀ ਦੀ ਡਿਗਰੀ ਗੁਰੂ ਨਾਨਾਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। 'ਲੇਖੇ ਆਵਹਿ ਭਾਗ' ਵਿੱਚ ਇੱਕ ਰੌਚਕ ਗੱਲ ਸਾਂਝੀ ਕਰਦੇ ਹਨ ਜਿਸ ਤੋਂ ਓਹਨਾਂ ਦੇ ਰਿਸਰਚ ਸੰਬੰਧੀ ਲਗਾਅ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਡਾ ਰਮੇਸ਼ ਕੁੰਤਲ ਮੇਘ ਨੇ ਇੱਕ ਵਾਰ ਬੇਦੀ ਸਾਹਿਬ ਨੂੰ ਕਿਹਾ ਕਿ "ਤੂੰ ਬਾਬੂ ਬ੍ਰਜਨੰਦਨ ਸਹਾਇ ਤੇ ਖੋਜ ਨਿਬੰਧ ਲਿਖ।" ਡਾ. ਬੇਦੀ ਨੇ ਡਾ. ਮੇਘ ਨੂੰ ਕਿਹਾ ਕਿ ਇਨ੍ਹਾਂ ਦਾ ਨਾਵਲ ਮੈਨੂੰ ਦਿਓ ਤਾਂ ਡਾ ਮੇਘ ਨੇ ਕਿਹਾ ਕਿ ਨਾਵਲ ਮੇਰੇ ਕੋਲ ਨਹੀਂ ਹੈ ਤੂੰ ਆਰਾ ਬਿਹਾਰ ਜਾ ਕਿ ਬਾਬੂ ਬ੍ਰਜਨੰਦਨ ਸਹਾਇ ਦੇ ਬੇਟੇ ਤੋਂ ਇਹ ਨਾਵਲ ਲੈ ਕੇ ਹੱਥ ਨਾਲ ਲਿਖ ਕੇ ਲੈ ਆ। ਜਦੋਂ ਬੇਦੀ ਵਾਪਿਸ ਆਏ ਤਾਂ ਓਹਨਾਂ ਦੇ ਹੱਥ ਵਿੱਚ ਹੱਥੀਂ ਲਿਖੇ ਚਾਰ ਨਾਵਲਾਂ ਦੇ 800 ਪੇਜ ਫੜੇ ਹੋਏ ਸਨ। ਜੋ ਬੇਦੀ ਨੇ ਦਸ ਦਿਨਾਂ ਵਿੱਚ ਦਿਨ ਰਾਤ ਇੱਕ ਕਰ ਕੇ ਲਿਖੇ ਸਨ। ਇਹ ਦੇਖ ਕੇ ਡਾ. ਮੇਘ ਬੜੇ ਹੈਰਾਨ ਹੋਏ ਅਤੇ ਕਿਹਾ "ਤੂੰ ਖੋਜ ਦੇ ਵਿਚ ਪਹਿਲਾ ਬੜਾ ਮਜ਼ਬੂਤ ਕਦਮ ਰੱਖਿਆ ਏ।"

ਡਾ. ਬੇਦੀ ਨੇ ਅਕਾਦਮਿਕ ਪੱਧਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਪੈਂਤੀ ਸਾਲ ਕੰਮ ਕੀਤਾ। ਜਿਸ ਦੌਰਾਨ ਓਹਨਾਂ ਨੇ ਅਧਿਆਪਕ, ਰੀਡਰ ਅਤੇ ਪ੍ਰੋਫੈਸਰ ਵਜੋਂ ਕੰਮ ਕੀਤਾ। ਓਹ ਇਸੇ ਦੌਰਾਨ ਦੋ ਵਾਰ ਵਿਭਾਗ ਦੇ ਮੁਖੀ ਰਹੇ, ਡੀਨ ਭਾਸ਼ਾਵਾਂ ਨਿਯੁਕਤ ਹੋਏ। ਇਸ ਤੋਂ ਇਲਾਵਾ ਉਹਨਾਂ ਨੇ ਸਤਿਗੁਰੂ ਰਾਮ ਸਿੰਘ, ਭਗਤ ਕਬੀਰ ਅਤੇ ਸੁਆਮੀ ਵਿਵੇਕਾਨੰਦ ਚੇਅਰਾਂ ਉੱਪਰ ਰਹਿ ਕੇ ਰਿਸਰਚ ਦਾ ਕੰਮ ਵੀ ਕੀਤਾ। ਡਾ. ਬੇਦੀ ਨੇ ਆਪਣੀ ਅਣਥੱਕ ਮਿਹਨਤ ਸਦਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਨਵੇਂ ਰਾਹਾਂ ਤੇ ਤੋਰਿਆ।

ਆਪਣੀ ਪੂਰੇ ਅਕਾਦਮਿਕ ਕੈਰੀਅਰ ਵਿੱਚ ਡਾ. ਬੇਦੀ ਨਾਮਧਾਰੀ ਵਿਚਾਰਧਾਰਾ ਤੋਂ ਕਾਫੀ ਪ੍ਰਭਾਵਿਤ ਰਹੇ।




ਡਾ. ਬੇਦੀ 'ਲੇਖੇ ਆਵਹਿ ਭਾਗ' ਵਿੱਚ ਲਿਖਦੇ ਹਨ, ਕਿ ਸਤਿਗੁਰੂ ਜਗਜੀਤ ਸਿੰਘ ਅਧਿਆਤਮਕ ਜਗਤ ਦੀ ਬਹੁਤ ਵੱਡੀ ਹਸਤੀ ਹਨ। ਮੈਨੂੰ ਉਹਨਾਂ ਦਾ ਅਸ਼ੀਰਵਾਦ ਪ੍ਰਾਪਤ ਹੋਇਆ। ਉਹਨਾਂ ਦੁਆਰਾ ਲਿਖੀ 'ਨਾਮਧਾਰੀ ਲਹਿਰ' ਨਾਮ ਦੀ ਕਿਤਾਬ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ। **ਸਤਿਗੁਰੂ ਉਦੇ ਸਿੰਘ ਦੀ ਸ਼ਖ਼ਸੀਅਤ ਦੀ ਵਿਆਖਿਆ ਕਰਦੇ ਹੋਏ ਓਹ ਲਿਖਦੇ ਹਨ ਕਿ ਸਤਿਗੁਰੂ ਉਦੇ ਸਿੰਘ ਜੀ ਲਾਸ਼ਾਨੀ, ਅਦੁੱਤੀ ਸ਼ਖ਼ਸੀਅਤ ਹਨ। ਕਰਮਸ਼ੀਲਤਾ ਉਹਨਾਂ ਦੀ ਕਾਰਜ਼-ਸ਼ੈਲੀ ਦਾ ਅਨਿੱਖੜਵਾਂ ਅੰਗ ਹੈ। ਪਦਾਰਥਵਾਦੀ ਯੁੱਗ ਵਿਚ ਉਹ ਕਮਲ ਦੀ ਤਰ੍ਹਾਂ ਨਿਰਾਲੇ ਵਿਅਕਤੀਤਵ ਦੇ ਸੁਆਮੀ ਹਨ। ਓਹਨਾਂ ਨੂੰ ਜਿੱਥੇ ਸਿੱਖ ਪਰੰਪਰਾ ਦਾ ਗਹਿਰਾ ਗਿਆਨ ਹੈ, ਓਥੇ ਭਾਰਤ ਦੀਆਂ ਸਨਾਤਨੀ ਕਦਰਾਂ ਕੀਮਤਾਂ ਦੀ ਮਹੱਤਤਾ ਨੂੰ ਵੀ ਸੂਖ਼ਮਤਾ ਨਾਲ ਜਾਣਦੇ ਹਨ। ਸਤਿਗੁਰ ਉਦੇ ਸਿੰਘ ਜੀ**

**ਨੇ ਪੰਜਾਬ ਦੇ ਸਮਕਾਲੀ ਜਨ-ਜੀਵਨ ਦਾ ਜੋ ਬਿਰਤਾਂਤ ਸਿਰਜਿਆ ਹੈ, ਓਹ ਉਪਯੋਗੀ ਵੀ ਹੈ ਅਤੇ ਭਵਿੱਖਮੁਖੀ ਵੀ। ਲੁਧਿਆਣਾ ਦੇ ਬੁੱਢੇ ਦਰਿਆ ਦੇ ਪ੍ਰਤੀ ਸਾਕਾਰਾਤਮਿਕ ਰਵੱਈਏ ਦਾ ਪਹਿਲਾਂ ਸੰਵਾਦ ਸਤਿਗੁਰ ਉਦੇ ਸਿੰਘ ਵੱਲੋਂ ਪੇਸ਼ ਕੀਤਾ ਗਿਆ।** ਪ੍ਰਦੂਸ਼ਣ ਮੁਕਤ ਜਲ ਦੇ ਪ੍ਰਤੀ ਜਨ-ਚੇਤਨਾ ਨੂੰ ਲਹਿਰ ਦੇ ਰੂਪ ਵਿਚ ਨਵੇਂ ਅਰਥ ਦਿੱਤੇ ਗਏ।

ਡਾ ਬੇਦੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਅਕਤੀਤਵ ਉੱਪਰ ਦਿੱਲੀ ਦੇ ਵਿਗਿਆਨ ਭਵਨ ਵਿੱਚ ਹੋਈ ਰਾਸ਼ਟਰੀ ਗੋਸ਼ਟੀ ਬਾਰੇ ਲਿਖਦੇ ਹੋਏ ਜ਼ਿਕਰ ਕਰਦੇ ਹਨ ਕਿ ਮੈਂ ਸਤਿਗੁਰੂ ਉਦੇ ਸਿੰਘ ਜੀ ਅੱਗੇ ਇੱਛਾ ਜਾਹਿਰ ਕੀਤੀ ਕਿ ਮੈਂ ਦਸਮ ਗੁਰੂ ਜੀ ਦੀ ਰਚਨਾ 'ਉਗਦੂੰਤੀ' ਪੜ੍ਹਨਾ ਚਾਹੁੰਦਾ ਹਾਂ। ਸਤਿਗੁਰੂ ਨੇ ਆਪਣੇ ਇੱਕ ਸੇਵਕ ਨੂੰ ਹੁਕਮ ਕੀਤਾ ਤੇ ਓਸ ਨੇ ਤੁਰੰਤ ਸਤਿਗੁਰਾਂ ਦੀ ਕਾਰ ਵਿੱਚੋਂ ਰੁਮਾਲਿਆਂ ਵਿੱਚ ਸਜਿਆ ਗੁਟਕਾ ਲੈ ਆਇਆ। ਸਤਿਗੁਰਾਂ ਆਖਿਆ, 'ਬੇਦੀ ਸਾਹਿਬ, ਝੋਲੀ ਕਰੋ'। ਮੇਰੀ ਝੋਲੀ ਵਿੱਚ ਸਤਿਗੁਰਾਂ ਇਹ ਗੁਟਕਾ ਪਾ ਦਿੱਤਾ। ਮੈਂ ਝੁਕਿਆ, ਉਹਨਾਂ ਅਸ਼ੀਰਵਾਦ ਦਿੱਤਾ। ਡਾ. ਬੇਦੀ ਜ਼ਿਕਰ ਕਰਦੇ ਹਨ ਕਿ ਫਿਰ ਚਮਤਕਾਰ ਹੋਇਆ ਮੈਂ ਹਰ ਰੋਜ਼ ਸਵੇਰੇ 'ਜਪੁਜੀ ਸਾਹਿਬ' ਤੇ 'ਜਾਪੁ ਸਾਹਿਬ' ਦਾ ਪਾਠ ਕਰਨ ਲੱਗਾ। ਜਿਸ ਦਾ ਪ੍ਰਤੀਫਲ ਸਤਿਗੁਰੂ ਦੇ ਅਸ਼ੀਰਵਾਦ ਦੇ ਰੂਪ ਵਿੱਚ ਮੈਨੂੰ ਤੇ ਮੇਰੇ ਪਰਿਵਾਰ ਨੂੰ ਪ੍ਰਾਪਤ ਹੋਇਆ। ਮੇਰੇ ਲਈ ਇਹ ਕੋਈ ਛੋਟਾ ਪਰਿਵਰਤਨ ਨਹੀਂ ਸੀ। ਮਨ ਦੀ ਅਵਸਥਾ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਣਾ ਉਂਦਾਤ, ਸਤਿਗੁਰ ਦੀ ਦਿੱਬ ਦ੍ਰਿਸ਼ਟੀ ਦਾ ਅਧਿਆਤਮਿਕ ਸੰਵਾਦ ਸੀ। ਪੰਜਾਬ ਵਿੱਚ 'ਹਿੰਦੀ ਦਿਵਸ' ਮਨਾਉਣ ਦੀ ਪਰੰਪਰਾ ਦੀ ਸ਼ੁਰੂਆਤ ਡਾ. ਬੇਦੀ ਦੁਆਰਾ ਕੀਤੀ ਗਈ ਜੋ ਇੱਕ ਵੱਡਮੁਲਾ ਕਾਰਜ ਹੈ।

ਡਾ. ਬੇਦੀ ਦੀ ਹਿੰਦੀ ਸਾਹਿਤ ਵਿੱਚ ਸਿੱਦਕੀ ਘਾਲਣਾ ਨੂੰ ਵੇਖਦੇ ਹੋਏ ਪੰਜਾਬ ਸਰਕਾਰ ਨੇ 2004 ਵਿੱਚ ਬੇਦੀ ਸਾਹਿਬ ਨੂੰ 'ਸ਼੍ਰੋਮਣੀ ਹਿੰਦੀ ਸਾਹਿਤਕਾਰ' ਅਵਾਰਡ ਨਾਲ ਸਨਮਾਨਿਤ ਕੀਤਾ। ਆਪਣੀ ਸ਼ਖਤ ਮਿਹਨਤ ਸਦਕਾ ਹਿੰਦੀ ਸਾਹਿਤ ਵਿੱਚ ਸਿਖਰਾਂ ਨੂੰ ਛੂੰਹਦੇ ਗਏ, 2017 ਵਿੱਚ ਡਾ ਬੇਦੀ ਦੀਆਂ ਹਿੰਦੀ ਸਾਹਿਤ ਜਗਤ ਦੀਆਂ ਕਾਰਗੁਜ਼ਾਰੀਆਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ 'ਹਿੰਦੀ ਸੇਵੀ ਸਨਮਾਨ' ਦਿੱਤਾ ਗਿਆ। ਡਾ. ਬੇਦੀ ਦਾ ਇਹ ਸਾਹਿਤਿਕ ਸ਼ਫਰ ਇਸੇ ਤਰ੍ਹਾਂ ਦਿਨ ਪ੍ਰਤੀ ਦਿਨ ਹੋਰ ਪ੍ਰਬਲ ਹੁੰਦਾ ਗਿਆ ਜਿਸ ਸਦਕਾ ਇਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ 2022 ਵਿੱਚ 'ਪਦਮ ਸ੍ਰੀ' ਨਾਲ ਨਿਵਾਜ਼ਿਆ ਗਿਆ। ਡਾ ਬੇਦੀ ਹਿੰਦੀ ਸਾਹਿਤਿਕ ਜਗਤ ਵਿਚ ਐਨੇ ਮਕਬੂਲ ਹੋਏ ਕਿ ਇਹਨਾਂ ਦੇ ਚਾਹੁਣ ਵਾਲਿਆਂ ਨੇ ਇਨ੍ਹਾਂ ਉੱਪਰ 'ਅਭਿਨੰਦਨ ਗ੍ਰੰਥ' ਲਿਖ ਦਿੱਤਾ। 'ਲੇਖੇ ਆਵਹਿ ਭਾਗ' ਵਿੱਚ ਡਾ ਬੇਦੀ ਲਿਖਦੇ ਹਨ ਕਿ ਉਹਨਾਂ ਦੀ ਦੇਖ ਰੇਖ ਹੇਠ ਪੀ. ਐਚ. ਡੀ. ਦੇ ਚਾਲੀ ਅਤੇ ਐੱਮ ਫਿੱਲ ਦੇ ਸੱਠ ਖੋਜ ਪ੍ਰਬੰਧ ਲਿਖੇ ਗਏ।

ਇਸ ਤੋਂ ਬਿਨਾਂ ਡਾ. ਬੇਦੀ ਦੀਆਂ ਕਵਿਤਾਵਾਂ ਉੱਪਰ ਵੱਖ-ਵੱਖ ਨਿਗਰਾਨਾਂ ਅਧੀਨ ਛੇ ਥੀਸਿਸ ਲਿਖੇ ਗਏ। ਇਹ ਬਹੁਤ ਹੀ ਭਾਗਾਂ ਵਾਲੇ ਇਨਸਾਨ ਦੇ ਹਿੱਸੇ ਆਉਂਦਾ ਹੈ ਕਿ ਉਸ ਦੇ ਜਿਉਂਦੇ ਜੀਅ ਉਸ ਦੇ ਕਾਰਜਾਂ ਨੂੰ ਐਨੇ ਵੱਡੇ ਅਕਾਦਮਿਕ ਪੱਧਰ ਤੇ ਖੋਜ਼ ਦਾ ਵਿਸ਼ਾ ਬਣਾਇਆ ਜਾਵੇ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ 'ਲੇਖੇ ਆਵਹਿ ਭਾਗ' ਡਾ. ਬੇਦੀ ਦੇ ਨਿੱਜੀ ਅਤੇ ਅਕਾਦਮਿਕ ਸਫ਼ਰ ਦਾ ਸ਼ੀਸ਼ਾ ਹੈ।

**ਸੰਪਾਦਕੀ ਬੋਰਡ**

.......................................................

## ਮਾਤਾ ਜੋਗਿੰਦਰ ਕੌਰ ਜੀ ਦਾ ਅਕਾਲ ਚਲਾਣਾ

ਮਾਤਾ ਜੋਗਿੰਦਰ ਕੌਰ ਜੀ ਸੁਪੱਤਨੀ ਸੰਤ ਜਸਵੰਤ ਸਿੰਘ ਚਾਨਾ, ਸਰਸਵਤੀ ਗਾਰਡਨ, ਨਵੀਂ ਦਿੱਲੀ ਸਤਿਗੁਰੂ ਜੀ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਸਮਾਪਤ ਕਰਕੇ ਮਿੱਤੀ 18-1-2024 ਨੂੰ ਅਕਾਲ ਚਲਾਣਾ ਕਰ ਗਏ। ਮਾਤਾ ਜੀ ਦਾ ਜਨਮ ਪਿੰਡ- ਹਰੀਪੁਰ ਬਾਠ ਨੇੜੇ ਨਕੋਦਰ (ਜ਼ਿਲ੍ਹਾ-ਜਲੰਧਰ) ਵਿਖੇ ਹੋਇਆ। ਆਪ ਜੀ ਦੇ ਪਿਤਾ ਸੰਤ ਸਵਰਨ ਸਿੰਘ ਜੀ ਸੋਧੀ ਨੇ ਪਹਿਲਾਂ ਪੰਜਾਬ ਤੇ ਬਾਅਦ ਵਿੱਚ ਦਿੱਲੀ ਜਾ ਨਿਵਾਸ ਕੀਤਾ ਅਤੇ ਦਿੱਲੀ ਦੀ ਸਾਧ ਸੰਗਤ ਨਾਲ ਰਲ ਮਿਲ ਕੇ ਸੇਵਾ ਤੇ ਸਿਮਰਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਮਾਤਾ ਜੋਗਿੰਦਰ ਕੌਰ ਜੀ ਨੂੰ ਗੁਰਸਿੱਖੀ ਦੀ ਲਗਨ ਬਚਪਨ ਤੋਂ ਹੀ ਪ੍ਰਾਪਤ ਹੋਈ। ਵੱਡੇ ਹੋਏ ਤਾਂ ਆਪ ਜੀ ਦਾ ਵਿਆਹ ਸੰਜੋਗ ਸੰਤ ਜਸਵੰਤ ਸਿੰਘ ਜੀ ਨਾਲ ਬਣਿਆ ਜੋ ਕਿ ਨਾਮਧਾਰੀ ਪੰਥ ਦੇ ਇਤਿਹਾਸਿਕ ਪਿੰਡ-ਮੁਠੱਡਾ ਕਲਾਂ (ਡਿਉੜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਦੇ ਨਿਵਾਸੀ ਸਨ। ਸੰਤ ਜਸਵੰਤ ਸਿੰਘ ਜੀ ਦੇ ਪਿਤਾ ਸੰਤ ਚੱਨਣ ਸਿੰਘ ਜੀ ਵੀ ਗੁਰੂ ਘਰ ਦੇ ਅਨਿਨ ਸੇਵਕ ਸਨ ਜੋ ਕਿ ਭਾਈ ਵਜੀਰੇ ਦੀ ਅੰਸ ਬੰਸ ਵਿੱਚੋਂ ਸਨ ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ

ਸਭ ਤੋਂ ਪਹਿਲਾਂ ਭਜਨ ਦੀ ਦਾਤ ਦੀ ਬਖ਼ਸ਼ਿਸ਼ ਕੀਤੀ ਸੀ।

ਸੋ ਪੇਕੇ ਅਤੇ ਸਹੁਰੇ ਪਰਿਵਾਰ ਦੀ ਸਤਿਗੁਰੂ ਜੀ ਦੇ ਚਰਨਾਂ ਪ੍ਰਤੀ ਪ੍ਰੀਤ ਅਤੇ ਪ੍ਰਤੀਤ ਦਾ ਮਾਤਾ ਜੋਗਿੰਦਰ ਕੌਰ ਜੀ ਦੇ ਸੁਭਾਅ ਅਤੇ ਵਿਚਾਰਾਂ ਉਪਰ ਪੂਰਾ ਪ੍ਰਭਾਵ ਸੀ। ਬੀਬੀ ਜੀ ਬਚਪਨ ਤੋਂ ਹੀ ਨਾਮ ਬਾਣੀ ਦੇ ਰਸੀਏ ਅਤੇ ਸਾਧ ਸੰਗਤ ਦੀ ਸੇਵਾ ਲਈ ਤਤਪਰ ਰਹੇ। ਸਵੇਰੇ ਅੰਮ੍ਰਿਤ ਵੇਲੇ ਉਠਣਾ, ਨਾਮ ਜਪਣਾ, ਗੁਰਬਾਣੀ ਦਾ ਪਾਠ ਕਰਨਾ, ਗੁਰੂ ਸਾਖੀਆਂ ਦੀਆਂ ਪੁਸਤਕਾਂ ਪੜ੍ਹਨਾਂ ਤੇ ਸਾਧਸੰਗਤ ਦੀ ਸੇਵਾ ਉਹਨਾਂ ਦਾ ਨਿਤਕਰਮ ਸੀ। ਉਹ ਜਦੋਂ ਕਦੇ ਵੀ ਕਿਸੇ ਨੂੰ ਮਿਲਦੇ ਤਾਂ ਗੁਰੂ ਕਾ ਜੱਸ ਕਰਨਾ ਉਹਨਾਂ ਦਾ ਸੁਭਾਅ ਸੀ। ਮਾਤਾ ਜੀ ਮਾਲਾ ਬਹੁਤ ਵਧੀਆ ਬਣਾਉਂਦੇ ਸਨ। ਮਾਲਾ ਬਣਾ ਕੇ ਸੰਗਤ ਵਿੱਚ ਵੰਡਣੀਆਂ ਅਤੇ ਸੰਗਤ ਨੂੰ ਵੱਧ ਤੋਂ ਵੱਧ ਨਾਮ ਸਿਮਰਨ ਕਰਨ ਦੀ ਪ੍ਰੇਰਨਾ ਕਰਨੀ ਉਹਨਾਂ ਦਾ ਮਨੋਰਥ ਸੀ।



ਉਹ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਦੇ ਦੀਵਾਨੇ ਸਨ ਅਤੇ ਘਰ ਆਏ ਸਿੱਖਾਂ ਸਾਧਾਂ ਅਤੇ ਪਰਿਵਾਰ ਦੇ ਜੀਆਂ ਨਾਲ ਹਰ ਰੋਜ਼ ਭਾਣੇ ਦੇ ਬਚਨ ਕਰਕੇ ਸੰਦੇਸ਼ ਦਿੰਦੇ ਸਨ ਕਿ ਵੱਧ ਤੋਂ ਵੱਧ ਧਿਆਨ ਭਜਨ ਬੰਦਗੀ ਵੱਲ ਦਿਓ ਤਾਂਕਿ ਸਾਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋ ਸਕਣ। ਜਿਥੇ ਉਹ ਆਪ ਸਤਿਗੁਰੂ ਜੀ ਦੇ ਚਰਨਾਂ ਦੇ ਪ੍ਰੀਤਵਾਨ ਸਨ ਉਥੇ ਉਹਨਾਂ ਨੇ ਆਪਣੇ ਪਰਿਵਾਰ ਅਤੇ ਬੱਚਿਆਂ ਨੂੰ ਵੀ ਸ਼ੁਭ ਸਿਖਿਆਵਾਂ ਦੇ ਕੇ ਸਤਿਗੁਰੂ ਜੀ ਦੇ ਚਰਨਾਂ ਦੇ ਪ੍ਰੀਤਵਾਨ ਬਣਾਇਆ। ਮਾਤਾ ਜੀ ਦੇ ਵੱਡੇ ਸਪੁੱਤਰ ਸੂਬਾ ਹਰਜੀਤ ਸਿੰਘ ਜੀ ਪਿੰਡ-ਮੁਠੱਡਾ ਵਿਖੇ ਨਿਵਾਸ ਰੱਖਕੇ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਹਰ ਪੰਥਕ ਸੇਵਾ ਲਈ ਤਤਪਰ ਹਨ ਅਤੇ ਛੋਟੇ ਸਪੁੱਤਰ ਸੰਤ ਮਨਜੀਤ ਸਿੰਘ ਜੀ ਦਿੱਲੀ ਵਿਖੇ ਨਿਵਾਸ ਰੱਖਕੇ ਨਾਮਧਾਰੀ ਧਰਮਸਾਲਾ, ਰਮੇਸ਼ ਨਗਰ ਵਿੱਚ ਸਾਧ ਸੰਗਤ ਦੀ ਸੇਵਾ ਲਈ ਪ੍ਰਬੰਧਕਾਂ ਦੇ ਪੂਰਨ ਸਹਿਯੋਗੀ ਹਨ। ਬੀਬੀ ਜੀ ਦੀ ਸਪੁੱਤਰੀ ਕੁਲਜੀਤ ਕੌਰ ਵੀ ਆਪਣੇ ਪਤੀ ਸੰਤ ਇੰਦਰਜੀਤ ਸਿੰਘ ਨਾਲ ਆਪਣੇ ਸਹੁਰਾ ਪਰਿਵਾਰ ਵਿੱਚ ਆਪਣੀਆਂ ਜਿਮੇਂਵਾਰੀਆਂ ਨੂੰ ਨਿਭਾਉਂਦਿਆਂ ਸਤਿਗੁਰੂ ਜੀ ਦੇ ਚਰਨਾਂ ਪ੍ਰਤੀ ਪੂਰੀ ਸ਼ਰਧਾ ਅਤੇ ਪ੍ਰੀਤ ਰੱਖਦੇ ਹਨ।

ਮਾਤਾ ਜੋਗਿੰਦਰ ਕੌਰ ਜੀ ਦੇ ਨਮਿਤ ਪਾਠ ਦਾ ਭੋਗ 28-1-2024 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਭੋਗ ਤੋਂ ਪਹਿਲਾਂ ਸੂਬਾ ਸੰਦੀਪ ਸਿੰਘ ਜੀ ਨੇ ਦੀਵਾਨ ਲਗਾਇਆ ਅਤੇ ਭੋਗ ਤੋਂ ਉਪਰੰਤ ਸੰਤ ਹਰਪਾਲ ਸਿੰਘ ਸੇਵਕ ਜੀ ਨੇ ਮਾਤਾ ਜੋਗਿੰਦਰ ਕੌਰ ਦੇ ਜੀਵਨ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਉਹਨਾਂ ਨੂੰ ਸ਼ਰਧਾ ਸਮਨ ਅਰਪਿਤ ਕੀਤੇ।

**ਹਰਪਾਲ ਸਿੰਘ ਸੇਵਕ**

.....................................................

## Matrimonial

**Jatt Sikh Boy**
D.O.B- 19 June 1990
M status - divorce
Education - B.A LLB
Job- supervisor in private company
Property - 2 kille
Contact - 9855568895


.....................................................

**Namdhari boy**
Birth-1990
Height-5'9"
Educational qualification- B-Tech(GNE Ludhiana)
Profession- Business
Residence- Ludhiana city
Ramgarhia family
Contact- +919888035722

.....................................................

# ਬਸੰਤ ਪੰਚਮੀ ਦੇ ਮੇਲੇ ਸਮੇਂ ਅਨੰਦ ਕਾਰਜ ਵਾਲੇ ਜੋੜੇ

ਮਿਤੀ: 14 ਫਰਵਰੀ 2024,
ਸਥਾਨ: ਸ੍ਰੀ ਭੈਣੀ ਸਾਹਿਬ, ਲੁਧਿਆਣਾ











Date of Publication: 21 February 2024
Date of Posting: 23 February 2024

RNI NO.55658/93
LDM/008/2021-2023

# ਬਸੰਤ ਮੇਲਾ ਸ੍ਰੀ ਭੈਣੀ ਸਾਹਿਬ ਦੀਆਂ ਵੱਖ ਵੱਖ ਝਾਕੀਆਂ

ਮਿਤੀ: 14 ਫਰਵਰੀ 2024,
ਸਥਾਨ: ਸ੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ)













Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.